## ਚੌਥੇ ਦਿਨ ਵਲੰਟੀਅਰਾਂ ਨੂੰ ਸੀ.ਪੀ.ਆਰ ਅਤੇ ਸਰਚ ਐਂਡ ਰੈਸਕਿਊ ਦੀਆਂ ਤਕਨੀਕਾਂ ਸਿਖਾਈਆਂ

ਦੀਨਾਨਗਰ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟਰੇਸ਼ਨ (ਮੈਗਸੀਪਾ) ਵੱਲੋਂ ਯੁਵਾ ਆਪਦਾ ਮਿੱਤਰ ਟ੍ਰੇਨਿੰਗ ਪ੍ਰੋਗਰਾਮ ਐੱਸ.ਐੱਸ.ਐੱਮ ਕਾਲਜ, ਦੀਨਾਨਗਰ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਕਰਵਾਈ ਜਾ ਰਹੀ ਹੈ। ਜੋ ਕਿ ਮੈਗਸੀਪਾ ਹੈੱਡ ਕਰਨਲ ਦਲਬੀਰ ਸਿੰਘ ਦੀ ਯੋਗ ਹੇਠ ਚੱਲ ਰਹੀ ਹੈ।

ਟ੍ਰੇਨਿੰਗ ਪ੍ਰੋਗਰਾਮ ਦੇ ਚੌਥੇ ਦਿਨ ਰਜਿਸਟਰਡ ਕੀਤੇ ਹੋਏ 200 ਐੱਨ . ਐੱਸ.ਐੱਸ ਅਤੇ ਐੱਨ.ਵਾਈ.ਕੇ.ਐੱਸ ਦੇ ਵਲੰਟੀਅਰਜ਼ ਨੂੰ ਸੀ.ਪੀ.ਆਰ ਦੀ ਜਾਣਕਾਰੀ ਦਿੱਤੀ ਗਈ।

ਵਲੰਟੀਅਰਾਂ ਨੂੰ ਦੱਸਿਆ ਗਿਆ ਕਿ ਜਦੋਂ ਕਿਸੇ ਵਿਅਕਤੀ ਦੇ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਕਿਸ ਤਰ੍ਹਾਂ ਅਸੀਂ ਉਸਨੂੰ ਬਚਾ ਸਕਦੇ ਹਾਂ। ਇਸ ਦੇ ਨਾਲ ਹੀ ਵਿਅਕਤੀਆਂ ਨੂੰ ਡਿੱਗੀਆਂ ਹੋਈਆਂ ਇਮਾਰਤਾਂ ਵਿੱਚੋਂ ਕਿਸ ਤਰ੍ਹਾਂ ਅਸੀਂ ਵਿਅਕਤੀਆਂ ਨੂੰ ਲੱਭ ਸਕਦੇ ਹਾਂ ਅਤੇ ਉਹਨਾਂ ਦੀ ਜਾਨ ਬਚਾ ਸਕਦੇ ਹਾਂ ਇਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।



ਇੰਸਟਰਕਟਰ ਸਚਿਨ ਸ਼ਰਮਾ ਅਤੇ ਕੋਰਸ ਕੋਡੀਨੇਟਰ ਅੰਕੁਰ ਸ਼ਰਮਾ ਵੱਲੋਂ ਵਲੰਟੀਅਰਾਂ ਨੂੰ ਸੀ.ਪੀ.ਆਰ ਅਤੇ ਸਰਚ ਐਂਡ ਰੈਸਕਿਊ ਦੀਆਂ ਤਕਨੀਕਾਂ ਵੀ ਸਿਖਾਈਆਂ ਗਈਆਂ ਜਿਸ ਵਿੱਚ ਵੱਖ-ਵੱਖ ਡਿੱਗੇ ਹੋਏ ਢਾਂਚੇ ਕੈਂਟੀਲੀਵਰ , ਲੀਨ ਟੂ, ਕੈਨਾਇਲ ਸਰਚ ਬਾਰੇ ਵਲੰਟੀਅਰਾਂ ਨੂੰ ਜਾਣਕਾਰੀ ਦਿੱਤੀ ਗਈ। ਜੇਕਰ ਪੈਨਿਕ ਅਟੈਕ ਆ ਜਾਵੇ ਤਾਂ ਕੀ ਕਰਨਾ ਹੈ, ਕੀ ਨਹੀਂ ਕਰਨਾ ਇਸ ਬਾਰੇ ਵੀ ਸਮਝਾਇਆ , ਬੱਚੇ ਜਾਂ ਜਵਾਨ ਨੂੰ ਕਿਸ ਤਰ੍ਹਾਂ ਸੀ.ਪੀ.ਆਰ ਦੇਣਾ ਹੈ ਇਸ ਬਾਰੇ ਵੀ ਜਾਣਕਾਰੀ ਡੰਮੀ ਤੇ ਪਰੈਕਟਿਸ ਕਰਵਾ ਕੇ ਦਿੱਤੀ ਗਈ।

ਇਸ ਮੌਕੇ ਐਸ.ਐਸ.ਐਮ ਕਾਲਜ ਦੇ ਪ੍ਰਿੰਸੀਪਲ ਡਾ. ਆਰ. ਕੇ. ਤੁਲੀ, ਪਰਮਿੰਦਰ ਸੈਣੀ (ਜ਼ਿਲ੍ਹਾ ਗਾਈਡੈਂਸ ਕੌਂਸਲਰ ਕਮ ਜ਼ਿਲਾ ਨੋਡਲ ਅਫ਼ਸਰ), ਮੁਕੇਸ਼ ਵਰਮਾ (ਸਹਾਇਕ ਨੋਡਲ ਅਫ਼ਸਰ), ਪ੍ਰੋਫੈਸਰ ਗਰੋਵਰ (ਡੀਨ ਯੂਥ ਵੈਲਫੇਅਰ), ਪਵਨ ਭਾਰਦਵਾਜ , ਐਨ.ਐਸ.ਐਸ ਇੰਚਾਰਜ ਸੁਸ਼ਮਾ, ਸੁਬੀਰ ਆਦਿ ਤੋਂ ਇਲਾਵਾ ਇੰਸਟਰਕਟਰ ਪ੍ਰੀਤੀ ਦੇਵੀ ਸ਼ਾਨੂੰ, ਸ਼ਾਈਨਾ ,ਆਯੂਸ਼, ਯੋਗੇਸ਼, ਆਦਿਤੀ ਸ਼ਾਮਿਲ ਸਨ।

## ਸਲਾਈਟ ਲੌਂਗੋਵਾਲ ਵਿਖੇ 28ਵੀਂ ਸਾਲਾਨਾ ਕਨਵੋਕੇਸ਼ਨ ਦਾ ਆਯੋਜਨ



ਸੁਨਾਮ ਊਧਮ ਸਿੰਘ ਵਾਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਵਿਖੇ 28ਵੀਂ ਸਾਲਾਨਾ ਕਨਵੋਕੇਸ਼ਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰੋ. ਅਵਿਨਾਸ਼ ਕੁਮਾਰ ਅਗਰਵਾਲ, ਡਾਇਰੈਕਟਰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਜੋਧਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪ੍ਰੋ. ਰਾਜੀਵ ਆਹੂਜਾ ਡਾਇਰੈਕਟਰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਰੋਪੜ ਕਨਵੋਕੇਸ਼ਨ ਦੇ ਚੇਅਰਮੈਨ ਸਨ। ਪ੍ਰੋ. ਸ਼ਾਲਿਨੀ ਬੱਤਰਾ ਡੀਨ (ਫੈਕਲਟੀ ਮਾਮਲੇ) ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪਟਿਆਲਾ ਗੈਸਟ ਆਫ ਆਨਰ ਸਨ।

ਇਸ ਦੌਰਾਨ ਪ੍ਰੋ. ਮਣੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਨੇ ਆਪਣੇ ਭਾਸ਼ਣ ਵਿੱਚ, ਪਿਛਲੇ ਸਾਲ ਦੌਰਾਨ ਸੰਸਥਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਪ੍ਰੋ. ਅਗਰਵਾਲ ਨੇ ਆਪਣੇ ਸੰਬੋਧਨ ਵਿੱਚ ਸਲਾਈਟ ਲੌਂਗੋਵਾਲ ਅਤੇ ਆਈ. ਆਈ. ਟੀ. ਜੋਧਪੁਰ ਵਿਚਕਾਰ ਇੱਕ ਮੈਮੋਰੰਡਮ ਆਫ਼ ਐਸੋਸੀਏਸ਼ਨ 'ਤੇ ਹਸਤਾਖਰ ਕਰਨ ਦਾ ਐਲਾਨ ਕੀਤਾ ਜੋ ਸਲਾਈਟ ਦੇ ਵਿਦਿਆਰਥੀਆਂ ਨੂੰ ਆਈ. ਆਈ. ਟੀ. ਜੋਧਪੁਰ ਵਿੱਚ ਇੰਟਰਨਸ਼ਿਪ ਕਰਨ ਦੀ ਆਗਿਆ ਦੇਵੇਗਾ ਅਤੇ ਐਸ.ਐਲ.ਆਈ.ਈ.ਟੀ. ਬੀ. ਈ. ਪ੍ਰੋਗਰਾਮਾਂ ਵਿੱਚ ਚੋਟੀ ਦੇ ਰੈਂਕ ਪ੍ਰਾਪਤ ਕਰਨ ਵਾਲਿਆਂ ਨੂੰ ਆਈ. ਆਈ. ਟੀ. ਜੋਧਪੁਰ ਵਿੱਚ ਸਿੱਧੇ ਪੀਐਚ.ਡੀ. ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਦਾ ਮੌਕਾ ਦੇਵੇਗਾ।

ਪ੍ਰੋ. ਰਾਜੀਵ ਆਹੂਜਾ ਨੇ ਨੌਜਵਾਨ ਗ੍ਰੈਜੂਏਟਾਂ ਨੂੰ ਜੜ੍ਹਾਂ ਨਾਲ ਜੁੜੇ ਰਹਿੰਦੇ ਹੋਏ ਸਖ਼ਤ ਮਿਹਨਤ ਕਰਨ ਅਤੇ ਉੱਚੀਆਂ ਉਚਾਈਆਂ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

ਪ੍ਰੋ. ਸ਼ਾਲਿਨੀ ਬੱਤਰਾ ਨੇ ਆਪਣੇ ਸੰਬੋਧਨ ਵਿੱਚ ਗ੍ਰੈਜੂਏਟਾਂ ਨੂੰ ਹਮਦਰਦੀ ਅਤੇ ਨੈਤਿਕਤਾ ਨਾਲ ਤਕਨੀਕੀ ਤਰੱਕੀ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਸਮਾਰੋਹ ਦੌਰਾਨ ਕੁੱਲ 527 ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਵਿੱਚ ਬੈਚਲਰ ਡਿਗਰੀਆਂ, 76 ਵਿਦਿਆਰਥੀਆਂ ਨੂੰ ਮਾਸਟਰ ਆਫ਼ ਟੈਕਨਾਲੋਜੀ ਅਤੇ ਮਾਸਟਰ ਆਫ਼ ਸਾਇੰਸ ਡਿਗਰੀਆਂ ਅਤੇ 40 ਵਿਦਿਆਰਥੀਆਂ ਨੂੰ ਪੀਐਚ.ਡੀ. ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਬੈਚਲਰ ਪੱਧਰ 'ਤੇ 7 ਵਿਦਿਆਰਥੀਆਂ ਨੂੰ ਗੋਲਡ ਮੈਡਲ ਅਤੇ 6 ਨੂੰ ਸਿਲਵਰ ਮੈਡਲ ਪ੍ਰਦਾਨ ਕੀਤੇ ਗਏ ਜਦਕਿ ਮਾਸਟਰ ਪੱਧਰ 'ਤੇ 6 ਵਿਦਿਆਰਥੀਆਂ ਨੂੰ ਗੋਲਡ ਮੈਡਲ ਅਤੇ 5 ਨੂੰ ਸਿਲਵਰ ਮੈਡਲ ਪ੍ਰਦਾਨ ਕੀਤੇ ਗਏ।

## ਪੰਜਾਬ ਸਰਕਾਰ ਵੱਲੋਂ ਡਾ. ਪੁਸ਼ਪਿੰਦਰ ਸਿੰਘ ਗਿੱਲ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ : ਚਾਂਸਲਰ ਨਿਯੁਕਤ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਨੇ ਰਾਜਪਾਲ ਸਕੱਤਰੇਤ, ਲੋਕ ਭਵਨ ਪੰਜਾਬ, ਚੰਡੀਗੜ੍ਹ ਤੋਂ ਜਾਰੀ ਕੀਤੇ ਹੁਕਮਾਂ ਮੁਤਾਬਕ , ਡਾ. ਪੁਸ਼ਪਿੰਦਰ ਸਿੰਘ ਗਿੱਲ ਨੂੰ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦਾ ਵਾਈਸ-ਚਾਂਸਲਰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ, ਜੋ ਕਿ ਅਹੁਦਾ ਸੰਭਾਲਣ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਕਾਰਜਕਾਲ ਲਈ ਲਾਗੂ ਹੋਵੇਗਾ।ਇਹ ਨਿਯੁਕਤੀ ਐਮ.ਬੀ.ਐਸ.ਪੀ.ਐਸ.ਯੂ. ਦੇ ਚਾਂਸਲਰ ਦੁਆਰਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਐਕਟ, 2019 ਦੇ ਯੂਨੀਵਰਸਿਟੀ ਦੇ ਨਿਯਮਾਂ ਦੀ ਅਨੁਸੂਚੀ [ਧਾਰਾ 26(1)] ਦੀ ਧਾਰਾ 1 ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਕੀਤੀ ਗਈ ਹੈ। ਅਧਿਕਾਰਤ ਨੋਟੀਫਿਕੇਸ਼ਨ 8 ਫਰਵਰੀ, 2026 ਨੂੰ ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ, ਰਾਜਪਾਲ, ਪੰਜਾਬ ਦੇ ਪ੍ਰਮੁੱਖ ਸਕੱਤਰ ਦੁਆਰਾ ਜਾਰੀ ਕੀਤਾ ਗਿਆ ਹੈ।ਡਾ. ਪੁਸ਼ਪਿੰਦਰ ਸਿੰਘ ਗਿੱਲ ਇਸ ਵੱਕਾਰੀ ਅਹੁਦੇ 'ਤੇ ਨਿਯੁਕਤ ਹੋਣ ਵਾਲੇ ਅਜਿਹੇ ਅਕਾਦਮਿਕ ਪ੍ਰੋਫੈਸਰ ਹਨ ਜੋ, ਅਕਾਦਮਿਕ, ਖੋਜ, ਪ੍ਰਸ਼ਾਸਨ ਅਤੇ ਅੰਤਰਰਾਸ਼ਟਰੀ ਸਲਾਹ-ਮਸ਼ਵਰੇ ਵਿੱਚ 36 ਸਾਲਾਂ ਤੋਂ ਵੱਧ ਦਾ ਵਿਲੱਖਣ ਤਜਰਬਾ ਰੱਖਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੇਵਾਮੁਕਤ ਪ੍ਰੋਫੈਸਰ, ਡਾ. ਗਿੱਲ ਨੇ ਵੱਖ-ਵੱਖ ਲੀਡਰਸ਼ਿਪ ਸਮਰੱਥਾਵਾਂ ਵਿੱਚ ਸੇਵਾ ਨਿਭਾਈ ਹੈ ਜੋ ਉਨ੍ਹਾਂ ਨੂੰ ਪੰਜਾਬ ਦੀ ਪ੍ਰਮੁੱਖ ਖੇਡ ਯੂਨੀਵਰਸਿਟੀ ਨੂੰ ਉੱਤਮਤਾ ਵੱਲ ਲੈ ਜਾਣ ਲਈ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਦਰਸਾਉਂਦੇ ਹਨ।ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ (1993) ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ, ਜੋ ਜਾਬ ਦੀ ਸ਼ਮੂਲੀਅਤ ਅਤੇ ਨਿਯੰਤਰਣ ਦੇ ਸਥਾਨ ਨਾਲ ਸਬੰਧਤ ਮਾਰਕੀਟਿੰਗ ਕਾਰਜਕਾਰੀ ਪ੍ਰਭਾਵਸ਼ੀਲਤਾ ਵਿੱਚ ਮਾਹਰ ਹੈ। ਉਸਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਫਸਟ ਡਿਵੀਜ਼ਨ ਨਾਲ ਮਾਰਕੀਟਿੰਗ ਅਤੇ ਸਮੱਗਰੀ ਪ੍ਰਬੰਧਨ ਵਿੱਚ ਐਮ.ਬੀ.ਏ. (1987) ਅਤੇ ਅਰਥ ਸ਼ਾਸਤਰ ਵਿੱਚ ਬੀ.ਏ. ਆਨਰਜ਼ (1984) ਕੀਤੀਆਂ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਪਣੇ ਸ਼ਾਨਦਾਰ ਅਕਾਦਮਿਕ ਕਰੀਅਰ ਦੌਰਾਨ, ਡਾ. ਗਿੱਲ ਨੇ ਪ੍ਰੋਫੈਸਰ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ (23 ਸਾਲ, 2 ਮਹੀਨੇ), ਐਸੋਸੀਏਟ ਪ੍ਰੋਫੈਸਰ/ਰੀਡਰ (7 ਸਾਲ), ਸਹਾਇਕ ਪ੍ਰੋਫੈਸਰ/ਲੈਕਚਰਾਰ (6 ਸਾਲ, 4 ਮਹੀਨੇ) ਵਜੋਂ ਸੇਵਾ ਨਿਭਾਈ। ਆਪਣੇ ਅਕਾਦਮਿਕ ਪ੍ਰਮਾਣ ਪੱਤਰਾਂ ਵਿੱਚ ਵਾਧਾ ਕਰਦੇ ਹੋਏ, ਡਾ. ਗਿੱਲ ਨੇ 1999 ਤੋਂ 2001 ਤੱਕ ਅਫਰੀਕਾ (ਯੂਗਾਂਡਾ, ਕੀਨੀਆ, ਇਥੋਪੀਆ ਅਤੇ ਨਾਈਜੀਰੀਆ) ਵਿੱਚ ਕੋਕਾ-ਕੋਲਾ ਕੰਪਨੀ ਲਈ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਸੇਵਾ ਨਿਭਾਈ, ਜਿਸ ਨਾਲ ਉੱਚ ਸਿੱਖਿਆ ਪ੍ਰਸ਼ਾਸਨ ਵਿੱਚ ਕੀਮਤੀ ਕਾਰਪੋਰੇਟ ਸ਼ਾਸਨ ਅਤੇ ਰਣਨੀਤਕ ਪ੍ਰਬੰਧਨ ਮੁਹਾਰਤ ਆਈ।ਡਾ. ਗਿੱਲ ਦੀਆਂ ਵਿਦਵਤਾਪੂਰਨ ਪ੍ਰਾਪਤੀਆਂ ਵਿੱਚ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ 84 ਖੋਜ ਪ੍ਰਕਾਸ਼ਨ, 10 ਲਿਖੀਆਂ ਕਿਤਾਬਾਂ ਜਿਨ੍ਹਾਂ ਵਿੱਚ ਦ ਪੰਜਾਬ ਦੈਟ ਵਾਜ਼ ਨਾਟ (ਜਿਲਦ 9, 99, 999), ਸਟ੍ਰੈਟੇਜਿਕ ਮੈਨੇਜਮੈਂਟ,ਪ੍ਰਬੰਧਨ ਦੇ ਸਿਧਾਂਤ, ਅਤੇ ਸੈਰ-ਸਪਾਟਾ ਪ੍ਰਬੰਧਨ 'ਤੇ ਕੰਮ ਸ਼ਾਮਲ ਹਨ। ਇਸ ਤੋਂ ਇਲਾਵਾ ਪ੍ਰਬੰਧਨ ਅਤੇ ਸਹਾਇਕ ਵਿਸ਼ਿਆਂ 'ਤੇ ਪ੍ਰਸਿੱਧ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ 400 ਤੋਂ ਵੱਧ ਲੇਖ, ਸੰਪਾਦਕ-ਇਨ-ਚੀਫ਼, ਇੰਡੀਅਨ ਜਰਨਲ ਆਫ਼ ਮੈਨੇਜਮੈਂਟ ਸਟੱਡੀਜ਼ (2011-2014)।ਉਨ੍ਹਾਂ ਦੀ ਖੋਜ ਦਾ ਵਿਆਪਕ ਤੌਰ 'ਤੇ ਹਵਾਲਾ ਜਰਨਲ ਆਫ਼ ਦ ਅਕੈਡਮੀ ਆਫ਼ ਮਾਰਕੀਟਿੰਗ ਸਾਇੰਸ, ਇੰਟਰਨੈਸ਼ਨਲ ਜਰਨਲ ਆਫ਼ ਮੈਥੇਮੈਟੀਕਲ, ਇੰਜੀਨੀਅਰਿੰਗ ਐਂਡ ਮੈਨੇਜਮੈਂਟ ਸਾਇੰਸਜ਼, ਅਤੇ ਹੋਰ ਵੱਕਾਰੀ ਜਰਨਲਾਂ ਵਿੱਚ ਮਹੱਤਵਪੂਰਨ ਪ੍ਰਕਾਸ਼ਨਾਂ ਵਿੱਚ ਦਿੱਤਾ ਗਿਆ ਹੈ।ਇਸ ਦੇ ਨਾਲ ਹੀ 75 ਰਾਸ਼ਟਰੀ ਵਿਦਵਤਾਪੂਰਨ ਪੇਸ਼ਕਾਰੀਆਂ, 25 ਅੰਤਰਰਾਸ਼ਟਰੀ ਵਿਦਵਤਾਪੂਰਨ ਪੇਸ਼ਕਾਰੀਆਂ, ਰਾਸ਼ਟਰੀ ਫੋਰਮਾਂ 'ਤੇ 100 ਤੋਂ ਵੱਧ ਭਾਸ਼ਣ, ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ 20 ਪਲੈਨਰੀ ਲੈਕਚਰ ਦੇਣ ਸਮੇਤ ਡਾ. ਗਿੱਲ ਨੇ 30 ਡਾਕਟਰੇਟ ਉਮੀਦਵਾਰਾਂ ਦੀ ਸਫਲਤਾਪੂਰਵਕ ਨਿਗਰਾਨੀ ਕਰਨ ਦੇ ਨਾਲ-ਨਾਲ ਪ੍ਰਬੰਧਨ ਅਤੇ ਕਾਰੋਬਾਰੀ ਅਧਿਐਨਾਂ ਵਿੱਚ ਖੋਜ ਸਮਰੱਥਾ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।



## ਰਾਣਾ ਗੁਰਜੀਤ ਸਿੰਘ ਵੱਲੋਂ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਨਮਨ

ਕਪੂਰਥਲਾ,11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਪੂਰਥਲਾ ਤੋਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਅੱਜ ਇੱਕ ਸੰਦੇਸ਼ ਵਿੱਚ ਸਿੱਖ ਇਤਿਹਾਸ ਦੇ ਸਭ ਤੋਂ ਦਰਦਨਾਕ ਅਤੇ ਸ਼ਹਾਦਤ ਦੇ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਨਮਨ ਅਰਪਿਤ ਕੀਤਾ।

ਉਨ੍ਹਾਂ ਨੇ ਕਿਹਾ ਕਿ ਵੱਡਾ ਘੱਲੂਘਾਰਾ ਸਿੱਖ ਕੌਮ ਦੀ ਅਟੱਲ ਵੀਰਤਾ, ਅਡੋਲ ਅਟੱਲਤਾ ਅਤੇ ਅਟੁੱਟ ਚੜ੍ਹਦੀਕਲਾ ਦੀ ਅਭੁੱਲ ਦਾਸਤਾਨ ਹੈ, ਜਿਸ ਨੇ ਨਾ ਕੇਵਲ ਸਿੱਖ ਇਤਿਹਾਸ ਸਗੋਂ ਮਨੁੱਖਤਾ ਦੇ ਇਤਿਹਾਸ ਵਿੱਚ ਵੀ ਸ਼ਹਾਦਤ ਦੀ ਇੱਕ ਅਮਿਟ ਮਿਸਾਲ ਕਾਇਮ ਕੀਤੀ।



ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੇ ਅਸਹਿਣਸ਼ੀਲ ਜ਼ੁਲਮਾਂ ਦੇ ਸਾਹਮਣੇ ਝੁਕਣ ਦੀ ਥਾਂ ਆਪਣੀ ਜਾਨ ਕੁਰਬਾਨ ਕਰਕੇ ਧਰਮ, ਇਨਸਾਫ਼ ਅਤੇ ਆਜ਼ਾਦੀ ਦੇ ਅਮੂਲਕ ਸਿਧਾਂਤਾਂ ਦੀ ਰੱਖਿਆ ਕੀਤੀ। ਉਨ੍ਹਾਂ ਦੀ ਸ਼ਹਾਦਤ ਸਦਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ।

ਉਨ੍ਹਾਂ ਨੇ ਅੱਗੇ ਕਿਹਾ ਕਿ ਅੱਜ ਦੀ ਪੀੜ੍ਹੀ ਲਈ ਜ਼ਰੂਰੀ ਹੈ ਕਿ ਉਹ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸਿੱਖ ਲੈ ਕੇ ਆਪਸੀ ਭਾਈਚਾਰੇ, ਸਹਿਣਸ਼ੀਲਤਾ ਅਤੇ ਸਮਾਜਿਕ ਨਿਆਂ ਦੇ ਮਾਰਗ 'ਤੇ ਅਡਿੱਗ ਰਹੇ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀਕਲਾ ਅਤੇ ਸ਼ਹੀਦਾਂ ਦੀ ਕੁਰਬਾਨੀ ਸਦਾ ਹੀ ਸਾਡੇ ਲਈ ਰੋਸ਼ਨੀ ਦਾ ਮਿਨਾਰ ਬਣੀ ਰਹੇਗੀ।

## ਗੈਂਗਸਟਰਾਂ ਵਿਰੁੱਧ 72 ਘੰਟੇ ਦਾ ਅਪਰੇਸ਼ਨ ਪ੍ਰਹਾਰ 2.0 ਸ਼ੁਰੂ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਵਿਰੋਧੀ ਧਿਰ ਦੇ ਨਾਲ-ਨਾਲ ਪੰਜਾਬ ਦੇ ਰਾਜਪਾਲ ਵੱਲੋਂ ਕੀਤੀ ਗਈ ਆਲੋਚਨਾ ਵਿਚਾਲੇ, ਡੀਜੀਪੀ ਗੌਰਵ ਯਾਦਵ ਨੇ ਅੱਜ ਤੋਂ ਗੈਂਗਸਟਰਾਂ ਵਿਰੁੱਧ 72 ਘੰਟੇ ਦੇ ਅਪਰੇਸ਼ਨ ਪ੍ਰਹਾਰ 2.0 ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡੀਜੀਪੀ ਨੇ ਪਹਿਲੇ ਪੜਾਅ ਬਾਰੇ ਦੱਸਿਆ ਕਿ 20 ਜਨਵਰੀ ਤੋਂ ਹੁਣ ਤੱਕ 5,000 ਤੋਂ ਵੱਧ ਗੈਂਗਸਟਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਦੂਜੇ ਪੜਾਅ ਦੇ ਤਹਿਤ ਲਗਭਗ 12,000 ਕਰਮਚਾਰੀ ਜਿਨ੍ਹਾਂ ਵਿੱਚ 2,000 ਟੀਮਾਂ ਸ਼ਾਮਲ ਹਨ, ਤਾਇਨਾਤ ਕੀਤੇ ਜਾਣਗੇ। ਇਹ ਕਾਰਵਾਈ 28 ਜਨਵਰੀ ਨੂੰ ਮੁਹਾਲੀ ਅਦਾਲਤ ਦੇ ਬਾਹਰ ਗੋਲਡੀ ਬਰਾੜ ਗੈਂਗ ਦੇ ਇੱਕ ਕਥਿਤ ਸ਼ੂਟਰ ਦੇ ਕਤਲ ਅਤੇ 6 ਫਰਵਰੀ ਨੂੰ ਜਲੰਧਰ ਵਿੱਚ 'ਆਪ' ਆਗੂ ਲੱਕੀ ਓਬਰਾਏ ਦੇ ਕਤਲ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ਼ਨੀਵਾਰ ਨੂੰ ਹੁਸ਼ਿਆਰਪੁਰ 'ਚ ਸੀਮਾ ਸੁਰੱਖਿਆ ਬਲ (BSF) ਦੇ ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ ਦੌਰਾਨ ਦਾਅਵਾ ਕੀਤਾ ਸੀ ਕਿ ਅਪਰਾਧੀ ਕਾਨੂੰਨ ਦੇ ਡਰ ਤੋਂ ਬਿਨਾਂ ਵਾਰਦਾਤਾਂ ਕਰ ਰਹੇ ਹਨ।

ਕਾਂਗਰਸ ਦੇ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਸੂਬੇ ਵਿੱਚ ਵਿਗੜੀ ਕਾਨੂੰਨ ਵਿਵਸਥਾ ਦਾ ਮੁੱਦਾ ਚੁੱਕਿਆ ਸੀ। ਡੀਜੀਪੀ ਨੇ ਕਿਹਾ ਪੰਜਾਬ ਪੁਲੀਸ ਨੇ ਵੱਖ-ਵੱਖ ਦੇਸ਼ਾਂ ਤੋਂ ਕੰਮ ਕਰ ਰਹੇ 38 ਗੈਂਗਸਟਰਾਂ ਨੂੰ ਹਵਾਲਗੀ ਦੇਸ਼ ਨਿਕਾਲੇ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ, ਅਸੀਂ ਨਿਰਧਾਰਤ ਪ੍ਰਕਿਰਿਆ ਤਹਿਤ ਕੇਂਦਰ ਰਾਹੀਂ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ 38 ਗੈਂਗਸਟਰ ਉਨ੍ਹਾਂ 61 ਲੋਕਾਂ ਦੀ ਸੂਚੀ ਦਾ ਹਿੱਸਾ ਹਨ ਜੋ ਵਿਦੇਸ਼ੀ ਧਰਤੀ ਤੋਂ ਪੰਜਾਬ ਵਿੱਚ ਅਪਰਾਧ ਕਰ ਰਹੇ ਹਨ। ਪੁਲੀਸ ਬਾਕੀਆਂ ਖਿਲਾਫ ਵੀ ਕਾਰਵਾਈ ਕਰਨ ਦੀ ਪ੍ਰਕਿਰਿਆ ਵਿੱਚ ਹੈ।

ਸੀਨੀਅਰ ਪੁਲੀਸ ਅਧਿਕਾਰੀਆਂ ਅਤੇ ਜ਼ਿਲ੍ਹਾ ਪੁਲੀਸ ਦੀ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਡੀਜੀਪੀ ਨੇ ਕਿਹਾ, ਅਸੀਂ ਦੇਸ਼ ਦੇ ਕਿਸੇ ਵੀ ਕੋਨੇ ਤੋਂ ਲੋੜੀਂਦੇ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਾਂਗੇ। ਅਪਰੇਸ਼ਨ ਦੇ ਪਹਿਲੇ ਪੜਾਅ ਨੂੰ 'ਗੈਂਗਸਟਰ ਤੇ ਵਾਰ' ਦਾ ਨਾਮ ਦਿੱਤਾ ਗਿਆ ਸੀ। ਇਸ ਬਾਰੇ ਡੀਜੀਪੀ ਯਾਦਵ ਨੇ ਦੱਸਿਆ ਕਿ ਸੂਬੇ ਭਰ ਵਿੱਚ 17,603 ਛਾਪੇਮਾਰੀ ਦੌਰਾਨ ਗੈਂਗਸਟਰਾਂ ਅਤੇ ਅਪਰਾਧੀਆਂ ਸਮੇਤ 5,290 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 128 ਹਥਿਆਰ ਬਰਾਮਦ ਕੀਤੇ ਗਏ।

ਉਨ੍ਹਾਂ ਕਿਹਾ ਕਿ 2,973 ਵਿਅਕਤੀਆਂ ਵਿਰੁੱਧ ਰੋਕਥਾਮ ਵਾਲੀ ਕਾਰਵਾਈ ਸ਼ੁਰੂ ਕੀਤੀ ਗਈ ਸੀ, ਜਦੋਂ ਕਿ 5,413 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ।

## ਅੰਬ ਸਾਹਿਬ ਦੀ ਜ਼ਮੀਨ ਵੇਚਣ ਦੇ ਮਾਮਲੇ 'ਚ ਕੇਸ ਦਰਜ; ਮੁਲਜ਼ਮਾਂ 'ਚ ਸਾਬਕਾ ਮੈਨੇਜਰ, ਲੰਗਰ ਜਥੇਦਾਰ ਤੇ ਪੰਜ ਖਰੀਦਦਾਰ ਸ਼ਾਮਲ



ਮੁਹਾਲੀ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁਹਾਲੀ ਦੇ ਫੇਜ਼ 8 ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੀ ਸੈਕਟਰ 101 ਆਈ ਟੀ ਸਿਟੀ ਦੇ ਪਿੰਡ ਸੈਣੀਮਾਜਰਾ ਵਿਚਲੀ 44 ਮਰਲੇ ਜ਼ਮੀਨ ਵੇਚਣ ਦੇ ਮਾਮਲੇ ਵਿਚ ਗੁਰਦੁਆਰਾ ਅੰਬ ਸਾਹਿਬ ਦੇ ਮੁਅੱਤਲ ਮੈਨੇਜਰ ਰਾਜਿੰਦਰ ਸਿੰਘ ਟੌਹੜਾ, ਲੰਗਰ ਜਥੇਦਾਰ ਜਗਤਾਰ ਸਿੰਘ ਤੋਂ ਇਲਾਵਾ ਸਬੰਧਤ ਜ਼ਮੀਨ ਦੇ ਖਰੀਦਦਾਰਾਂ ਪਿੰਡ ਸੈਣੀਮਾਜਰਾ ਦੇ ਵਸਨੀਕ ਗੁਰਿੰਦਰ ਸਿੰਘ, ਤਲਵਿੰਦਰ ਸਿੰਘ, ਸਤਵੀਰ ਸਿੰਘ, ਬਲਜਿੰਦਰ ਸਿੰਘ ਅਤੇ ਜਸਵੰਤ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਥਾਣਾ ਸੋਹਾਣਾ 'ਚ ਇਹ ਕੇਸ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਦੇ ਬਿਆਨਾਂ 'ਤੇ ਦਰਜ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਦਿੱਤੇ ਬਿਆਨਾਂ ਅਨੁਸਾਰ ਉਪਰੋਕਤ ਵਿਅਕਤੀਆਂ ਨੇ ਜਾਅਲਸਾਜ਼ੀ ਕਰਕੇ ਅੰਬ ਸਾਹਿਬ ਦੀ ਜ਼ਮੀਨ ਦੀ 2-12-2025 ਨੂੰ ਰਜਿਸਟਰੀ ਕਰਾਈ ਹੈ। ਸਕੱਤਰ ਨੇ ਕਿਹਾ ਕਿ ਉਨ੍ਹਾਂ ਦੇ ਹਸਤਾਖ਼ਰਾਂ ਵਾਲਾ 15-10-2025 ਨੂੰ ਜਾਰੀ ਹੋਇਆ ਵਿਖਾਇਆ ਗਿਆ ਪੱਤਰ ਵੀ ਜਾਅਲੀ ਤਿਆਰ ਕੀਤਾ ਗਿਆ। ਕਾਨੂੰਨ ਅਨੁਸਾਰ ਗੁਰਦੁਆਰੇ ਦੀ ਜ਼ਮੀਨ ਵੇਚਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ ਤੇ ਸਬੰਧਤ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਵੀ ਕੋਈ ਮਤਾ ਪਾਸ ਨਹੀਂ ਕੀਤਾ ਗਿਆ।

ਦੂਜੇ ਪਾਸੇ ਜ਼ਮੀਨ ਖਰੀਦਣ ਵਾਲੇ ਗੁਰਿੰਦਰ ਸਿੰਘ, ਤਲਵਿੰਦਰ ਸਿੰਘ, ਸਤਵੀਰ ਸਿੰਘ, ਬਲਜਿੰਦਰ ਸਿੰਘ ਅਤੇ ਜਸਵੰਤ ਸਿੰਘ ਨੇ ਉਨ੍ਹਾਂ ਖ਼ਿਲਾਫ਼ ਦਰਜ ਹੋਏ ਪਰਚੇ 'ਤੇ ਹੈਰਾਨੀ ਪ੍ਰਗਟ ਕਰਦਿਆਂ ਮੁੱਖ ਮੰਤਰੀ ਅਤੇ ਡੀ ਜੀ ਪੀ ਤੋਂ ਇਨਸਾਫ਼ ਦੀ ਗੁਹਾਰ ਲਗਾਈ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਸਬੰਧਤ ਥਾਂ 'ਤੇ ਉਨ੍ਹਾਂ ਦੇ 80-90 ਸਾਲ ਪੁਰਾਣੇ ਮਕਾਨ ਬਣੇ ਹੋਏ ਹਨ। ਉਨ੍ਹਾਂ ਦੇ ਪੁਰਖ਼ਿਆਂ ਨੇ ਸ਼੍ਰੋਮਣੀ ਕਮੇਟੀ ਨੂੰ 23 ਏਕੜ ਜ਼ਮੀਨ ਦਾਨ ਕੀਤੀ ਸੀ, ਜਿਸ ਵਿੱਚੋਂ ਐਕੁਆਇਰ ਜ਼ਮੀਨ ਦੀ 60 ਕਰੋੜ ਦੇ ਕਰੀਬ ਰਾਸ਼ੀ, ਬਾਕੀ ਜ਼ਮੀਨ ਦੀਆਂ ਐੱਲ ਓ ਆਈਜ਼ ਆਪਣੇ ਨਾਮ ਗਿਰਦਾਵਰੀਆਂ ਹੋਣ ਦੇ ਬਾਵਜੂਦ ਬਿਨਾਂ ਕਿਸੇ ਅੜਿੱਕੇ ਤੋਂ ਗਮਾਡਾ ਦੇ ਦਫ਼ਤਰ ਜਾ ਕੇ ਬਿਆਨ ਦੇ ਕੇ ਅੰਬ ਸਾਹਿਬ ਨੂੰ ਚੁਕਵਾਈ।

ਉਨ੍ਹਾਂ ਕਿਹਾ ਕਿ ਮੈਨੇਜਰ ਰਾਜਿੰਦਰ ਸਿੰਘ ਨੇ ਉਨ੍ਹਾਂ ਕੋਲ ਵਾਰ-ਵਾਰ ਆ ਕੇ, ਉਨ੍ਹਾਂ ਦੇ ਮਕਾਨ ਢਾਹੁਣ ਦਾ ਡਰਾਵਾ ਦੇ ਕੇ ਜ਼ਮੀਨ ਖਰੀਦਣ ਲਈ ਦਬਾਅ ਬਣਾਇਆ। ਮੈਨੇਜਰ ਨੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਦੇ ਦਸਤਖ਼ਤਾਂ ਵਾਲਾ ਪੱਤਰ ਦਿਖਾਇਆ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਮਨਜ਼ੂਰੀ ਪੱਤਰ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਦਿਆਂ ਇਨਸਾਫ਼ ਦੀ ਗੁਹਾਰ ਲਗਾਈ ਹੈ।

## ਕਦੋਂ ਮਿਲਣਗੇ ਆਂਗਣਵਾੜੀ ਕੇਂਦਰਾਂ ਨੂੰ ਸਮਾਰਟ ਫੋਨ

## ਦੇਸ਼ ਭਰ ਦੇ ਸੂਬਿਆਂ 'ਚੋਂ ਪੰਜਾਬ ਫਾਡੀ; ਅੱਠ ਸਾਲਾਂ 'ਚ ਸਮਾਰਟ ਫੋਨ ਨਾ ਖ਼ਰੀਦ ਸਕੀ ਪੰਜਾਬ ਸਰਕਾਰ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਕੇਂਦਰਾਂ ਲਈ ਖ਼ਰੀਦੇ ਜਾਣ ਵਾਲੇ ਸਮਾਰਟ ਫੋਨ ਪੁਆੜੇ ਦੀ ਜੜ੍ਹ ਬਣ ਗਏ ਹਨ। ਸਮਾਰਟ ਫੋਨਾਂ ਦੀ ਖ਼ਰੀਦ 'ਚ ਅਣਗਹਿਲੀ ਦੇ ਦੋਸ਼ਾਂ ਹੇਠ ਬੀਤੇ ਦਿਨ ਪੰਜਾਬ ਸਰਕਾਰ ਨੇ ਦੋ ਆਈ ਏ ਐੱਸ ਅਧਿਕਾਰੀ ਮੁਅੱਤਲ ਕਰ ਦਿੱਤੇ ਸਨ। ਸੂਬਾ ਸਰਕਾਰ ਕਰੀਬ ਅੱਠ ਵਰ੍ਹਿਆਂ ਮਗਰੋਂ ਵੀ ਸਮਾਰਟ ਫੋਨ ਖ਼ਰੀਦਣ ਦਾ ਕੰਮ ਤਣ ਪੱਤਣ ਨਹੀਂ ਲਾ ਸਕੀ ਹੈ।

ਪੰਜਾਬ ਤੇ ਪੱਛਮੀ ਬੰਗਾਲ ਨੂੰ ਛੱਡ ਕੇ ਬਾਕੀ ਸਾਰੇ ਸੂਬਿਆਂ 'ਚ ਸਮਾਰਟ ਫੋਨ ਖ਼ਰੀਦੇ ਜਾ ਚੁੱਕੇ ਹਨ। ਇੱਥੋਂ ਤੱਕ ਕਿ ਕਈ ਸੂਬਿਆਂ 'ਚ ਦੋ-ਦੋ ਵਾਰ ਸਮਾਰਟ ਫੋਨਾਂ ਦੀ ਖ਼ਰੀਦ ਹੋ ਚੁੱਕੀ ਹੈ। ਪੰਜਾਬ ਸਰਕਾਰ ਹਾਲੇ ਤੱਕ ਟੈਂਡਰਾਂ 'ਚ ਹੀ ਉਲਝੀ ਹੋਈ ਹੈ। ਪਹਿਲਾਂ ਕਾਂਗਰਸ ਹਕੂਮਤ ਸਮਾਰਟ ਫੋਨਾਂ ਦੀ ਖ਼ਰੀਦ ਕਰਨ ਵਿੱਚ ਨਾਕਾਮ ਰਹੀ ਅਤੇ ਹੁਣ 'ਆਪ' ਸਰਕਾਰ ਆਂਗਣਵਾੜੀ ਕੇਂਦਰਾਂ ਲਈ ਸਮਾਰਟ ਫ਼ੋਨ ਖ਼ਰੀਦਣ ਦਾ ਕੰਮ ਸਿਰੇ ਨਹੀਂ ਲਗਾ ਸਕੀ। ਪੰਜਾਬ 'ਚ ਕਰੀਬ 27,300 ਆਂਗਣਵਾੜੀ ਕੇਂਦਰ ਹਨ।

ਕੇਂਦਰ ਸਰਕਾਰ ਨੇ ਸਾਲ 2018 'ਚ ਪੋਸ਼ਣ ਅਭਿਆਨ ਸ਼ੁਰੂ ਕੀਤਾ ਸੀ ਜਿਸ ਤਹਿਤ ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣੇ ਸਨ। ਕੇਂਦਰਾਂ ਦਾ ਸਮੁੱਚਾ ਡਾਟਾ 'ਐਪ' ਜ਼ਰੀਏ ਭਰਿਆ ਜਾਣਾ ਸੀ। ਮੁੱਢਲੇ ਪੜਾਅ 'ਤੇ ਪੰਜਾਬ ਦੇ ਪੰਜ ਜ਼ਿਲ੍ਹਿਆਂ 'ਚ ਇਹ ਸਕੀਮ ਸ਼ੁਰੂ ਕੀਤੀ ਗਈ ਸੀ ਤੇ 2018-19 ਵਿੱਚ ਇਹ ਸਕੀਮ ਸਮੁੱਚੇ ਪੰਜਾਬ 'ਚ ਲਾਗੂ ਕਰ ਦਿੱਤੀ ਗਈ ਸੀ। ਪੰਜਾਬ 'ਚ 28,515 ਸਮਾਰਟ ਫੋਨ ਖ਼ਰੀਦ ਕੀਤੇ ਜਾਣੇ ਸਨ ਜਿਨ੍ਹਾਂ ਲਈ 60 ਫ਼ੀਸਦ ਰਾਸ਼ੀ ਕੇਂਦਰ ਤੇ 40 ਫ਼ੀਸਦ ਪੰਜਾਬ ਸਰਕਾਰ ਨੇ ਦੇਣੀ ਸੀ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਖ਼ੁਦ ਦੋ-ਤਿੰਨ ਵਾਰ ਫੋਨ ਖ਼ਰੀਦਣ ਲਈ ਟੈਂਡਰ ਕੀਤੇ ਪਰ ਸਿਰੇ ਨਹੀਂ ਲੱਗ ਸਕੇ। ਹੁਣ ਇਨਫੋਟੈੱਕ ਪੰਜਾਬ ਵੀ ਤਿੰਨ-ਚਾਰ ਵਾਰ ਸਮਾਰਟ ਫੋਨ ਖ਼ਰੀਦਣ ਦੇ ਟੈਂਡਰ ਕਰ ਚੁੱਕਾ ਹੈ। ਕੇਂਦਰੀ ਸਕੀਮ ਤਹਿਤ ਹਰ ਚਾਰ ਸਾਲ ਬਾਅਦ ਨਵੇਂ ਸਮਾਰਟ ਫੋਨ ਆਂਗਣਵਾੜੀ ਵਰਕਰਾਂ ਨੂੰ ਦਿੱਤੇ ਜਾਣੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲੰਘੀ 6 ਫਰਵਰੀ ਨੂੰ ਨਵੰਬਰ 2025 ਨੂੰ ਕੀਤੇ ਟੈਂਡਰਾਂ 'ਤੇ ਰੋਕ ਲਗਾ ਦਿੱਤੀ ਹੈ। ਵਿਰੋਧੀ ਧਿਰਾਂ ਸਮਾਰਟ ਫੋਨਾਂ ਦੀ ਖ਼ਰੀਦ 'ਤੇ ਹੀ ਉਂਗਲ ਉਠਾ ਰਹੀਆਂ ਹਨ। ਸਤੰਬਰ 2024 'ਚ ਵੀ ਸਮਾਰਟ ਫ਼ੋਨ ਖ਼ਰੀਦਣ ਲਈ ਬੋਲੀ ਕੀਤੀ ਗਈ ਸੀ ਜੋ ਫ਼ੇਲ੍ਹ ਹੋ ਗਈ ਸੀ। ਪੰਜਾਬ ਸਰਕਾਰ ਨੇ ਬਾਅਦ 'ਚ 4 ਜੀ ਦੀ ਥਾਂ 5 ਜੀ ਫੋਨ ਦੇਣ ਦਾ ਫ਼ੈਸਲਾ ਕੀਤਾ ਅਤੇ ਵਾਧੂ ਖਰਚਾ ਵੀ ਸੂਬਾ ਸਰਕਾਰ ਨੇ ਹੀ ਚੁੱਕਣਾ ਸੀ। ਜੂਨ 2025 'ਚ ਮੁੜ ਟੈਂਡਰ ਲਾਏ ਗਏ ਅਤੇ ਅਕਤੂਬਰ 2025 'ਚ ਕੰਪਨੀਆਂ ਦਰਮਿਆਨ ਕਰਾਰ ਵੀ ਹੋ ਗਿਆ ਸੀ। ਸੂਤਰ ਦਸਦੇ ਹਨ ਕਿ ਬਾਅਦ 'ਚ ਕੰਪਨੀ ਸਮਾਰਟ ਫੋਨਾਂ ਦੀ ਸਪਲਾਈ ਤੋਂ ਮੁੱਕਰ ਗਈ। ਐਡਵੋਕੇਟ ਜਨਰਲ ਦੇ ਮਸ਼ਵਰੇ ਨਾਲ ਇਹ ਟੈਂਡਰ ਰੱਦ ਕਰ ਦਿੱਤੇ ਗਏ। ਫਿਰ ਨਵੰਬਰ 2025 'ਚ ਨਵੇਂ ਟੈਂਡਰ ਕੀਤੇ ਅਤੇ ਰੱਦ ਕਰ ਦਿੱਤੇ ਤਾਂ ਇੱਕ ਕੰਪਨੀ ਹਾਈ ਕੋਰਟ ਚਲੀ ਗਈ।

**ਸੌਦੇਬਾਜ਼ੀ ਕਰ ਕੇ ਲਟਕੀ ਖ਼ਰੀਦ: ਹਰਗੋਬਿੰਦ ਕੌਰ**

ਆਲ ਪੰਜਾਬ ਆਂਗਣਵਾੜੀ ਯੂਨੀਅਨ ਦੀ ਪ੍ਰਧਾਨ ਹਰਗੋਬਿੰਦ ਕੌਰ ਦਾ ਕਹਿਣਾ ਸੀ ਕਿ ਜਦੋਂ ਦੂਜੇ ਸੂਬੇ ਸਮਾਰਟ ਫੋਨ ਖ਼ਰੀਦ ਕਰ ਚੁੱਕੇ ਹਨ ਤਾਂ ਉਸੇ ਤਰਜ 'ਤੇ ਪੰਜਾਬ ਕਿਉਂ ਨਹੀਂ ਖ਼ਰੀਦ ਰਿਹਾ। ਅਸਲ ਵਿਚ ਸਮਾਰਟ ਫੋਨ ਦੀ ਖ਼ਰੀਦ ਸਰਕਾਰਾਂ ਦੀ ਸੌਦੇਬਾਜ਼ੀ ਕਰਕੇ ਲਟਕੀ ਹੋਈ ਹੈ। ਆਂਗਣਵਾੜੀ ਵਰਕਰ ਨਿੱਜੀ ਫੋਨ ਵਰਤ ਕੇ ਸਰਕਾਰੀ ਡਿਊਟੀ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਰਿਚਾਰਜ ਭੱਤਾ ਵੀ ਸਾਲਾਨਾ ਇੱਕ ਹਜ਼ਾਰ ਰੁਪਏ ਹੀ ਮਿਲਦਾ ਹੈ।

# ਭੰਗੜਾ ਪਲੱਸ ਅਕੈਡਮੀ ਵੱਲੋਂ ਰਿਥਮ ਆਫ਼ ਪੰਜਾਬ-ਸੀਜ਼ਨ 1 ਦਾ ਸ਼ਾਨਦਾਰ ਗ੍ਰੈਂਡ ਫਿਨਾਲੇ

ਬਠਿੰਡਾ,11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਸਥਾਨਕ ਰਿਲਾਇੰਸ ਮਾਲ, ਬਰਨਾਲਾ ਬਾਈਪਾਸ, ਬੀਬੀ ਵਾਲਾ ਚੌਕ ਨੇੜੇ ਭੰਗੜਾ ਪਲੱਸ ਅਕੈਡਮੀ ਬਠਿੰਡਾ ਵੱਲੋਂ ਪੰਜਾਬੀ ਸਭਿਆਚਾਰ ਅਤੇ ਲੋਕ ਨਾਚਾਂ ਨੂੰ ਉਤਸ਼ਾਹਤ ਕਰਨ ਦੇ ਮਕਸਦ ਨਾਲ ਰਿਥਮ ਆਫ਼ ਪੰਜਾਬ-ਸੀਜ਼ਨ 1 ਦਾ ਗ੍ਰੈਂਡ ਫਿਨਾਲੇ ਧੂਮਧਾਮ ਨਾਲ ਕਰਵਾਇਆ ਗਿਆ। ਸਮਾਗਮ 'ਚ ਮੁੱਖ ਮਹਿਮਾਨ ਦੇ ਤੌਰ ਤੇ ਡਾ. ਚਮਨਦੀਪ ਕੌਰ ਸਹਾਇਕ ਡਾਇਰੈਕਟਰ ਪੰਜਾਬ ਪਸ਼ੂ ਪਾਲਣ ਵਿਭਾਗ ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਰਾਜੀਵ ਅਰੋੜਾ ਡਾਇਰੈਕਟਰ ਮੀਡੀਆ ਪਲੈਨਿੰਗ ਪਹੁੰਚੇ। ਜਿਊਰੀ ਮੈਂਬਰ 'ਚ ਡਾ. ਕੁਲਜੀਤ ਕੌਰ ਸਿੱਧੂ, ਡਾ. ਸਿਮਰਜੀਤ ਕੌਰ ਗਰੇਵਾਲ, ਸੁਖਵਿੰਦਰ ਸਿੰਘ ਵਾਲੀਆ, ਹਰਜਿੰਦਰ ਸਿੰਘ, ਕੌਰ ਸਿਮਰ, ਦਰਸ਼ਨ ਕੌਰ ਬਰਾੜ, ਰਣਜੋਤਪ੍ਰੀਤ ਸਿੰਘ ਅਤੇ ਗੁਰਮਨਦੀਪ ਸਿੰਘ ਸ਼ਾਮਲ ਸਨ। ਸਮਾਗਮ ਦੌਰਾਨ 110 ਵਿਦਿਆਰਥੀਆਂ ਨੇ ਜਿੱਥੇ ਭੰਗੜੇ ਅਤੇ ਗਿੱਧੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਉੱਥੇ ਨੌਜਵਾਨ ਕਲਾਕਾਰਾਂ ਨੇ ਵੀ ਆਪਣੀ ਕਲਾਂ ਦੇ ਜੌਹਰ ਵਿਖਾਏ। ਮੁਕਾਬਲੇ ਦੌਰਾਨ ਭਾਗੀਦਾਰਾਂ ਨੂੰ ਗਿੱਧਾ ਕਵੀਨ ਅਤੇ ਭੰਗੜਾ ਕਿੰਗ ਦੇ ਖ਼ਿਤਾਬਾਂ ਤੋਂ ਇਲਾਵਾ ਸੱਗੀ ਵਾਲੀ ਕੁੜੀ, ਕੈਂਠੇ ਵਾਲਾ ਗੱਭਰੂ, ਟੌਹਰ ਪੰਜਾਬਣ ਦੀ, ਟੌਹਰ ਗੱਭਰੂ ਦੀ, ਸੁਨੱਖੀ ਮੁਟਿਆਰ ਅਤੇ ਛੈਲ-ਛਬੀਲਾ ਗੱਭਰੂ ਵਰਗੇ ਖ਼ਾਸ ਖ਼ਿਤਾਬ ਵੀ ਦਿੱਤੇ ਗਏ। ਪਹਿਲਾ ਅਤੇ ਦੂਜਾ ਰਨਰ-ਅੱਪ ਰਹਿਣ ਵਾਲੇ ਭਾਗੀਦਾਰਾਂ ਨੂੰ ਆਕਰਸ਼ਕ ਟਰਾਫ਼ੀਆਂ, ਟਾਈਟਲ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਮੁਕਾਬਲੇ ਦੌਰਾਨ ਸੀਨੀਅਰ ਕੈਟਾਗਰੀ 'ਚ ਗਿੱਧਾ ਕਵੀਨ ਆਰਤੀ, ਸੀਨੀਅਰ ਭੰਗੜਾ ਕਿੰਗ 'ਚ ਨੀਰਜ, ਜੂਨੀਅਰ ਕੈਟਾਗਰੀ 'ਚ ਜੂਨੀਅਰ ਭੰਗੜਾ ਕਿੰਗ ਸਹਿਜਪ੍ਰੀਤ, ਜੂਨੀਅਰ ਗਿੱਧਾ ਕੈਟਾਗਰੀ 'ਚ ਵੈਭਵੀ ਨੂੰ ਚੁਣਿਆ ਗਿਆ।

ਦੂਸਰੇ ਹੋਰ ਉਭਰਦੇ ਕਲਾਕਾਰਾਂ 'ਚ ਇਨੇਜ਼ ਕੌਰ ਭੁੱਲਰ, ਮੰਨਪ੍ਰੀਤ ਕੌਰ ਬਰਾੜ, ਹਰਪ੍ਰੀਤ ਸਿੰਘ ਬਰਾੜ, ਪਰਮਜੀਤ ਕੌਰ ਬਰਾੜ, ਗੁਰਪ੍ਰੀਤ ਸਿੰਘ ਬਰਾੜ, ਅਰਮਾਨ, ਦਿਗਵਿਜੈ ਜੋਸ਼ੀ, ਰਾਖੀ, ਚਾਵੀ, ਅਰਪਿਤਾ, ਵੈਭਵ, ਸੁਰਖਾਬ ਚਾਹਲ ਅਤੇ ਜਸਕਿਰਤ ਸਿੰਘ ਨੇ ਵੀ ਆਪਣੀ ਸ਼ਾਨਦਾਰ ਪੇਸ਼ਕਾਰੀ ਦਿੱਤੀ।

ਅਕੈਡਮੀ ਦੇ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਭਵਿੱਖ 'ਚ ਵੀ ਅਜਿਹੇ ਸਮਾਗਮ ਕਰਵਾਏ ਜਾਣਗੇ। ਪ੍ਰੋਗਰਾਮ ਦਾ ਮੰਚ ਸੰਚਾਲਨ ਟਾਈਨੀ ਸਟਾਰ ਐਂਕਰ ਗੁਰਲੀਨ ਕੌਰ, ਪਰਤੀਕ ਸਿੰਘ ਬਰਾੜ, ਸਰਗੁਨ ਅਤੇ ਹਰਸ਼ਮੀਤ ਵੱਲੋਂ ਬਾਖ਼ੂਬੀ ਕੀਤੀ ਗਈ।

# ਮਾਸਟਰ ਭੁਪਿੰਦਰ ਸਿੰਘ ਟਿਵਾਣਾ ਨਮਿਤ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ ਭੇਟ

## ਰਾਜ ਸਭਾ ਮੈਂਬਰ ਸੰਜੇ ਸਿੰਘ, ਆਪ ਸੂਬਾ ਪ੍ਰਧਾਨ ਅਮਨ ਅਰੋੜਾ, ਐਮ.ਪੀ ਮੀਤ ਹੇਅਰ, ਸਪੀਕਰ ਸੰਧਵਾਂ, ਕੈਬਨਿਟ ਮੰਤਰੀ ਚੀਮਾ, ਬੈਂਸ, ਈ.ਟੀ.ਓ ਤੇ ਮੁੰਡੀਆਂ ਸਮੇਤ ਵੱਡੀ ਗਿਣਤੀ ਹੋਰ ਸ਼ਖ਼ਸੀਅਤਾਂ ਵੀ ਪੁੱਜੀਆਂ

ਭਾਦਸੋਂ, ਪਟਿਆਲਾ,11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਰਨਵੀਰ ਸਿੰਘ ਟਿਵਾਣਾ ਦੇ ਪਿਤਾ ਮਾਸਟਰ ਭੁਪਿੰਦਰ ਸਿੰਘ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਨਮਿਤ ਅੱਜ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਛੰਨਾ ਨੱਥੂ ਵਾਲੀਆਂ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ?ਸਿਆਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਸਮੇਤ ਪਰਿਵਾਰਕ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨੇ ਮਾਸਟਰ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਭਾਈ ਭੁਪਿੰਦਰ ਸਿੰਘ ਗੁਰੂ ਕੀ ਕਾਸ਼ੀ ਦੇ ਕੀਰਤਨੀ ਜਥੇ ਨੇ ਵੈਰਾਗਮਈ ਗੁਰਬਾਣੀ ਕੀਰਤਨ ਗਾਇਨ ਕੀਤਾ ਤੇ ਅੰਤਿਮ ਅਰਦਾਸ ਗਿਆਨੀ ਸੁਖਦੇਵ ਸਿੰਘ ਨੇ ਕੀਤੀ। ਇਸ ਮੌਕੇ ਆਪ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਜਿੱਥੇ ਪਰਿਵਾਰ ਵੱਲੋਂ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਉੱਥੇ ਹੀ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦੀ ਤਰਫ਼ੋਂ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਾਸਟਰ ਭੁਪਿੰਦਰ ਸਿੰਘ ਆਪਣੇ ਪਰਿਵਾਰ ਲਈ ਵਫ਼ਾਦਾਰੀ ਤੇ ਵਾਅਦੇ ਨਿਭਾਉਣ ਦੀ ਅਨਮੁੱਲੀ ਵਿਰਾਸਤ ਛੱਡ ਕੇ ਗਏ ਹਨ, ਜਿਸ ਦੀ ਝਲਕ ਕਰਨਵੀਰ ਸਿੰਘ ਟਿਵਾਣਾ ਅਤੇ ਸਮੁੱਚੇ ਪਰਿਵਾਰ ਵਿੱਚੋਂ ਝਲਕ ਰਹੀ ਹੈ।

ਸੰਜੇ ਸਿੰਘ ਨੇ ਕਿਹਾ ਕਿ ਰਾਜਨੀਤੀ ਵਿੱਚ ਰਿਸ਼ਤੇ ਕੇਵਲ ਅਹੁਦਿਆਂ ਨਾਲ ਹੀ ਜੁੜੇ ਹੁੰਦੇ ਹਨ ਪਰ ਕਰਨਵੀਰ ਸਿੰਘ ਟਿਵਾਣਾ ਨੇ ਆਪਣੇ ਪਿਤਾ ਦੀ ਸਿੱਖਿਆ ਦੀ ਬਦੌਲਤ ਚੰਗੇ-ਮਾੜੇ ਸਮੇਂ ਵਿੱਚ ਵੀ ਵਾਅਦਾ ਨਿਭਾਇਆ ਅਤੇ ਵਫ਼ਾਦਾਰੀ ਕਮਾਈ ਹੈ। ਆਪ ਆਗੂ ਨੇ 2015 ਤੋਂ ਲੈਕੇ ਹੁਣ ਤੱਕ ਟਿਵਾਣਾ ਪਰਿਵਾਰ ਨਾਲ ਆਪਣੇ ਰਿਸ਼ਤੇ ਦੀ ਗੱਲ ਕਰਦਿਆਂ ਕਿਹਾ ਕਿ ਮਾਸਟਰ ਭੁਪਿੰਦਰ ਸਿੰਘ ਇੱਕ ਕਾਮਯਾਬ ਪਿਤਾ ਤੇ ਸ਼ਾਨਦਾਰ ਅਧਿਆਪਕ ਸਨ, ਜਿਨ੍ਹਾਂ ਦੇ ਜਾਣ ਨਾਲ ਪਰਿਵਾਰ ਸਮੇਤ ਇਲਾਕੇ ਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ। ਰਾਜ ਸਭਾ ਮੈਂਬਰ ਨੇ ਪਿੰਡ ਛੰਨਾ ਨੱਥੂ ਵਾਲੀਆਂ ਵਿਖੇ ਮਾਸਟਰ ਭੁਪਿੰਦਰ ਸਿੰਘ ਦੀ ਯਾਦ ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਇੱਕ ਪਾਰਕ ਬਣਾਉਣ ਦਾ ਐਲਾਨ ਕੀਤਾ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਾਸਟਰ ਭੁਪਿੰਦਰ ਸਿੰਘ ਗੁਣਾਂ ਦੀ ਗੁਥਲੀ ਸਨ। ਉਨ੍ਹਾਂ ਕਿਹਾ ਕਿ ਕਰਨਵੀਰ ਸਿੰਘ ਟਿਵਾਣਾ ਸਮੇਤ ਸਮੂਹ ਪਰਿਵਾਰ ਨੇ ਆਪਣੇ ਪਿਤਾ ਦੇ ਗੁਣ ਗ੍ਰਹਿਣ ਕੀਤੇ ਅਤੇ ਉਨ੍ਹਾਂ ਦੀ ਸੇਵਾ ਕਰਕੇ ਮਾਪਿਆਂ ਅਤੇ ਪਰਮਾਤਮਾ ਦੇ ਕਿਰਪਾ ਦੇ ਪਾਤਰ ਬਣੇ ਹਨ।

ਅਮਨ ਅਰੋੜਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਇਕੱਠਾ ਪਰਿਵਾਰ ਤੇ ਮਾਂ ਬਾਪ ਦੀ ਸੇਵਾ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਰਾਜਨੀਤੀ ਵਿੱਚ ਸਬਰ ਰੱਖਣਾ ਤੇ ਸਟੈਂਡ 'ਤੇ ਕਾਇਮ ਰਹਿਣਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋਂ ਸਿਆਸਤ ਦੇ ਗੁਰ ਸਿੱਖਣ ਵਾਲੇ ਕਰਨਵੀਰ ਸਿੰਘ ਟਿਵਾਣਾ ਵਿੱਚ ਮਾਪਿਆਂ ਦੀ ਸਿੱਖਿਆ ਤੇ ਸੇਵਾ ਕਰਕੇ ਹੀ ਆਇਆ ਹੈ।

ਅਮਨ ਅਰੋੜਾ ਨੇ ਕਿਹਾ ਕਿ ਬਿਨਾਂ ਕਿਸੇ ਲਾਲਚ ਤੋਂ ਪਹਿਲਾਂ ਜਥੇਦਾਰ ਟੌਹੜਾ ਤੇ ਹੁਣ ਸੰਜੇ ਸਿੰਘ ਵਰਗੇ ਆਗੂ ਨਾਲ ਕੰਮ ਕਰਨਾ ਟਿਵਾਣਾ ਦੀ ਮਾਂ ਬਾਪ ਦੀ ਗੁੜ੍ਹਤੀ ਸਦਕਾ ਇਮਾਨਦਾਰ ਸੋਚ ਕਰਕੇ ਹੀ ਸੰਭਵ ਹੋਇਆ ਹੈ। ਉਨ੍ਹਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅੱਜ ਜਦੋਂ ਵੱਡੀ ਗਿਣਤੀ ਬਿਰਧ ਆਸ਼ਰਮ ਖੁੱਲ੍ਹੇ ਹੋਏ ਹਨ ਤੇ ਅਜਿਹੇ ਸਮੇਂ ਵਿੱਚ ਮਾਸਟਰ ਭੁਪਿੰਦਰ ਸਿੰਘ ਦੀ ਟਿਵਾਣਾ ਪਰਿਵਾਰ ਵੱਲੋਂ ਸੇਵਾ ਕਰਨਾ ਆਪਣੇ ਆਪ ਵਿੱਚ ਇਕ ਮਿਸਾਲ ਹੈ।

# ਜ਼ੀਰਾ ਚ ਕਾਂਗਰਸ ਦੀਆਂ ਸਰਗਰਮੀਆਂ ਤੇਜ਼, ਸੁਰਿੰਦਰ ਸਿੰਘ ਜੌੜਾ ਨੇ ਟਿਕਟ ਦੀ ਦਾਅਵੇਦਾਰੀ ਕੀਤੀ ਮਜ਼ਬੂਤ

ਜ਼ੀਰਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਨੂੰ ਨਵੀਂ ਰਫ਼ਤਾਰ ਦੇਣ ਦੀ ਸ਼ੁਰੂਆਤ ਕਰ ਦਿੱਤੀ ਹੈ। ਉਨ੍ਹਾਂ ਵੱਲੋਂ ਹਲਕੇ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਟਿਕਟ ਦੀ ਦਾਅਵੇਦਾਰੀ ਵੀ ਜਤਾਈ ਜਾ ਰਹੀ ਹੈ। ਇਸ ਸਬੰਧੀ ਉਨ੍ਹਾਂ ਨੇ ਦੱਸਿਆ ਕਿ ਪਾਰਟੀ ਹਾਈ ਕਮਾਂਡ ਦੇ ਮੋਹਰਲੀ ਕਤਾਰ ਵਾਲੇ ਆਗੂਆਂ ਨਾਲ ਵੀ ਗੱਲਬਾਤ ਹੋ ਚੁੱਕੀ ਹੈ ਅਤੇ ਹਲਕੇ ਵਿੱਚ ਕਾਂਗਰਸ ਦੀ ਸਥਿਤੀ ਮਜ਼ਬੂਤ ਕਰਨ ਲਈ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ।

ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਹਲਕਾ ਜ਼ੀਰਾ ਦੇ ਲੋਕਾਂ ਨੂੰ ਬਿਹਤਰ ਸੇਵਾਵਾਂ ਅਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਹ ਮਈ ਮਹੀਨੇ ਵਿੱਚ ਮੱਲਾਂਵਾਲਾ, ਮੱਖੂ ਅਤੇ ਜ਼ੀਰਾ ਵਿੱਚ ਆਪਣੇ ਦਫ਼ਤਰ ਖੋਲ੍ਹਣ ਜਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦਫ਼ਤਰ ਹਲਕੇ ਦੇ ਲੋਕਾਂ ਲਈ ਸੇਵਾ ਕੇਂਦਰ ਵਜੋਂ ਕੰਮ ਕਰਨਗੇ, ਜਿੱਥੇ ਆਮ ਲੋਕ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਸਿੱਧਾ ਰੱਖ ਸਕਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਿੱਜੀ ਤੌਰ 'ਤੇ ਉਨ੍ਹਾਂ ਨੇ ਆਪਣੇ ਗ੍ਰਹਿ ਵਿਖੇ ਵੀ ਦਫ਼ਤਰ ਤਿਆਰ ਕੀਤਾ ਹੋਇਆ ਹੈ ਤਾਂ ਜੋ ਲੋਕਾਂ ਨੂੰ ਹਰ ਸਮੇਂ ਪਹੁੰਚ ਅਤੇ ਸਹਾਇਤਾ ਮਿਲ ਸਕੇ।

ਜੌੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਲੋਕਹਿਤੈਸ਼ੀ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਉਹ ਪਿਛਲੇ ਤਿੰਨ ਦਹਾਕਿਆਂ ਤੋਂ ਸੇਵਾ ਕਰ ਰਹੇ ਹਨ ਅਤੇ ਹੁਣ ਉਹ ਕਾਂਗਰਸ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਵੀ ਤੇਜ਼ ਕਰਨਗੇ। ਉਨ੍ਹਾਂ ਦਾ ਮੰਨਣਾ ਹੈ ਕਿ ਮੌਜੂਦਾ ਸਮੇਂ ਵਿੱਚ ਲੋਕ ਮਹਿੰਗਾਈ, ਬੇਰੁਜ਼ਗਾਰੀ ਅਤੇ ਕਿਸਾਨੀ ਸੰਕਟ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਹੇ ਹਨ ਅਤੇ ਕਾਂਗਰਸ ਪਾਰਟੀ ਹੀ ਲੋਕਾਂ ਦੀ

# ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਸਿਹਤ ਡਾਇਰੈਕਟਰ ਨਾਲ ਮੀਟਿੰਗ



ਮਲੇਰਕੋਟਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਵਫਦ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਅਗਵਾਈ ਹੇਠ ਡਾਇਰੈਕਟਰ ਸਿਹਤ ਸੇਵਾਵਾ ਡਾ. ਅਦਿਤੀ ਸਲਾਰੀਆ ਨਾਲ ਮੀਟਿੰਗ ਕੀਤੀ ਗਈ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰੈਸ ਸਕੱਤਰ ਰਾਜੇਸ਼ ਰਿਖੀ ਪੰਜਗਰਾਈਆਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮਪਹਵ ਮੇਲ, ਫੀਮੇਲ ਦੀ ਨਵੀਂ ਭਰਤੀ ਨੂੰ ਜਲਦੀ ਆਰਡਰ ਦੇਣ ਸੰਬੰਧੀ, ਦੂਰ ਦਰਾਡੇ ਦੇ ਸਟੇਸ਼ਨ ਸਹੀ ਕਰਨ ਸੰਬੰਧੀ,ਵੈਕਸੀਨ ਦੇ ਮਸਲੇ ਤੇ ਪੁਖਤਾ ਪ੍ਰਬੰਧ ਕਰਨ ਸੰਬੰਧੀ, ਮਪਹਵ ਮੇਲ ਦੀ ਸੀਨੀਆਰਤਾ ਸੂਚੀ ਜਾਰੀ ਕਰਨ ਸੰਬੰਧੀ, ਪੀ ਪੀ ਯੂਨਿਟ ਦੇ ਮਪਹਵ ਮੇਲ ਨੂੰ ਸੈਕਸ਼ਨ ਨੰਬਰ ਜਾਰੀ ਕਰਨ ਸੰਬੰਧੀ, ਮਪਹਵ ਫੀਮੇਲ ਦੇ ਖਾਲੀ ਪਏ ਸਟੇਸ਼ਨ ਭਰਨ ਸਮੇਤ ਵੱਖ ਵੱਖ ਮਸਲਿਆਂ ਤੇ ਗੱਲਬਾਤ ਕੀਤੀ ਗਈ, ਇਸ ਮੌਕੇ ਬੋਲਦਿਆਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਨੇ ਕਿਹਾ ਕਿ ਸਿਹਤ ਡਾਇਰੈਕਟਰ ਵੱਲੋਂ ਕੇਡਰ ਦੇ ਮਸਲਿਆਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਮਪਹਵ ਮੇਲ ਫੀਮੇਲ ਦੀਆਂ ਚੱਲ ਰਹੀਆਂ ਭਰਤੀਆ ਦੇ ਆਰਡਰ ਜਲਦੀ ਜਾਰੀ ਕਰਨ ਲਈ ਕਿਹਾ ਗਿਆ ਹੈ, ਉਹਨਾਂ ਦੱਸਿਆ ਕੇ ਕਈ ਜਿਲ੍ਹਿਆ ਦੇ ਵਿੱਚ ਬੀਮਾ ਕਾਰਡਾਂ ਨੂੰ ਬਣਾਉਣ ਲਈ ਮਲਟੀ ਪਰਪਜ ਕੇਡਰ ਦੀਆਂ ਡਿਊਟੀਆਂ ਕੰਪਿਊਟਰ ਤੇ ਲਗਾਈਆਂ ਜਾ ਰਹੀਆਂ ਹਨ, ਉਹਨਾਂ ਨੂੰ ਨਾ ਲਗਾਏ ਜਾਣ ਲਈ ਵੀ ਜਥੇਬੰਦੀ ਵੱਲੋਂ ਕਿਹਾ ਗਿਆ ਹੈ ਉਹਨਾਂ ਕਿਹਾ ਕੇ ਜਥੇਬੰਦੀ ਹਮੇਸ਼ਾ ਹੀ ਕੇਡਰ ਦੀਆਂ ਮੰਗਾਂ ਤੇ ਮਸਲਿਆਂ ਲਈ ਯਤਨਸੀਲ ਸੀ ਅਤੇ ਰਹੇਗੀ ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਟਹਿਲ ਸਿੰਘ ਫਾਜਿਲਕਾ, ਨੀਰਜ ਕੁਮਾਰ ਸੰਗਰੂਰ, ਸੂਬਾ ਪ੍ਰੈਸ ਸਕੱਤਰ ਰਾਜੇਸ਼ ਰਿਖੀ, ਕੁਲਪ੍ਰੀਤ ਸਿੰਘ ਲੁਧਿਆਣਾ, ਅਮਰਦੀਪ ਸਿੰਘ ਮੋਗਾ, ਹਰਭਜਨ ਸਿੰਘ ਫਜਿਲਕਾ ਆਦਿ ਆਗੂ ਹਾਜ਼ਰ ਸਨ।

# .ਫ਼ਾਤਮਾ ਅਲ ਫਹਿਰੀ ਲਾਇਬਰੇਰੀ 'ਚ ਵਿਦਆਰਥਣਾਂ ਲਈ ਪ੍ਰੇਰਣਾਦਾਇਕ ਪ੍ਰੋਗਰਾਮ ਆਯੋਜਿਤ



ਮਲੇਰਕੋਟਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਲੇਰਕੋਟਲਾ ਦੀ ਫ਼ਾਤਮਾ ਅਲ ਫਹਿਰੀ ਲਾਇਬਰੇਰੀ (ਜਾਮਾ ਮਸਜਿਦ) ਵਿਖੇ ਪ੍ਰਬੰਧਕੀ ਕਮੇਟੀ ਵੱਲੋਂ ਸਥਾਨਕ ਇਸਲਾਮੀਆ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੱਦਾ ਦੇ ਕੇ ਇੱਕ ਖਾਸ ਪ੍ਰੋਗਰਾਮ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਲੜਕੀਆਂ ਨੂੰ ਸਿੱਖਿਆ ਦੀ ਮਹੱਤਤਾ, ਉੱਚੇ ਲਕਸ਼ ਅਤੇ ਜੀਵਨ 'ਚ ਅੱਗੇ ਵੱਧਣ ਲਈ ਪ੍ਰੇਰਿਤ ਕਰਨਾ ਸੀ।

ਇਸ ਮੌਕੇ ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਦੀ ਮੁਖੀ ਪ੍ਰੋਫੈਸਰ ਡਾ.ਰੁਬੀਨਾ ਸ਼ਬਨਮ ਅਤੇ ਕੇ.ਐਮ.ਆਰ.ਡੀ ਜੈਨ ਕਾਲਜ ਫਾਰ ਵੂਮੈਨ ਦੀ ਪ੍ਰਿੰਸੀਪਲ ਮੈਡਮ ਮੀਨਾ ਕੁਮਾਰੀ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਮਿਹਨਤ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਉਹ ਸਾਧਨ ਹੈ ਜੋ ਮਨੁੱਖ ਨੂੰ ਸਫਲਤਾ ਦੇ ਰਾਹ 'ਤੇ ਲੈ ਜਾਂਦਾ ਹੈ ਅਤੇ ਸਮਾਜ ਵਿੱਚ ਇੱਜ਼ਤ ਦਿਲਾਉਂਦਾ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਲਕਸ਼ ਨਿਰਧਾਰਤ ਕਰਕੇ ਪੂਰੀ ਲਗਨ ਨਾਲ ਉਨ੍ਹਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਨ। ਪ੍ਰੋਗਰਾਮ ਦੌਰਾਨ ਪ੍ਰਬੰਧਕ ਹਾਫਿਜ ਮੁਹੰਮਦ ਹਾਰੂਨ, ਰਿਟਾਇਰਡ ਵੈਟਰਨਰੀ ਡਾਕਟਰ ਮੁਹੰਮਦ ਰਮਜ਼ਾਨ, ਅਬਦੁਲ ਵਹੀਦ, ਜ਼ਹੂਰ ਅਹਿਮਦ ਚੌਹਾਨ ਅਤੇ ਮੈਡਮ ਮਾਜੀਦਾ ਖਾਨ ਨੇ ਆਏ ਮਹਿਮਾਨਾਂ ਅਤੇ ਵਿਦਿਆਰਥਣਾਂ ਦਾ ਸਵਾਗਤ ਕੀਤਾ, ਜਦੋਂਕਿ ਡਾਕਟਰ ਰਮਜ਼ਾਨ ਨੇ ਲਾਇਬਰੇਰੀ ਦੇ ਉਦੇਸ਼ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਲਾਇਬਰੇਰੀ ਖਾਸ ਤੌਰ 'ਤੇ ਲੜਕੀਆਂ ਲਈ ਸ਼ੁਰੂ ਕੀਤੀ ਗਈ ਹੈ, ਤਾਂ ਜੋ ਉਹ ਪੜ੍ਹਾਈ ਲਈ ਇੱਕ ਸੁਖਦ ਅਤੇ ਪ੍ਰੇਰਣਾਦਾਇਕ ਮਾਹੌਲ ਪ੍ਰਾਪਤ ਕਰ ਸਕਣ।

ਉਨ੍ਹਾਂ ਹੋਰ ਦੱਸਿਆ ਕਿ ਜਾਮਾ ਮਸਜਿਦ ਕਮੇਟੀ ਦੀ ਦੇਖ-ਰੇਖ ਹੇਠ ਚੱਲ ਰਹੀ ਇਹ ਲਾਇਬਰੇਰੀ ਮਾਲੇਰਕੋਟਲਾ ਵਿੱਚ ਆਪਣੀ ਕਿਸਮ ਦੀ ਵਿਲੱਖਣ ਪਹਿਲ ਹੈ, ਜਿਸ ਦਾ ਮਕਸਦ ਲੜਕੀਆਂ ਵਿੱਚ ਪੜ੍ਹਨ ਦੀ ਆਦਤ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਉੱਚ ਸਿੱਖਿਆ ਵੱਲ ਪ੍ਰੇਰਿਤ ਕਰਨਾ ਹੈ।

# ਪੰਜਾਬੀ ਯੂਨੀਵਰਸਿਟੀ ਵਿਖੇ ਫਰਵਰੀ 2026 ਸੈਸ਼ਨ ਲਈ ਡਿਸਟੈਂਸ ਮੋਡ ਕੋਰਸਾਂ ਦੇ ਦਾਖ਼ਲੇ ਸ਼ੁਰੂ

## ਹਰ ਵਰਗ ਤੱਕ ਸਿੱਖਿਆ ਦੀ ਪਹੁੰਚ ਯਕੀਨੀ ਬਣਾਉਣ ਪੱਖੋਂ ਵੱਡੀ ਭੂਮਿਕਾ ਨਿਭਾਉਂਦੇ ਹਨ ਡਿਸਟੈਂਸ ਮੋਡ ਕੋਰਸ: ਡਾ. ਜਗਦੀਪ ਸਿੰਘ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬੀ ਯੂਨੀਵਰਸਿਟੀ ਵਿਖੇ ਡਿਸਟੈਂਸ ਮੋਡ ਦੇ ਵੱਖ-ਵੱਖ ਕੋਰਸਾਂ ਦੇ ਦਾਖ਼ਲੇ ਸ਼ੁਰੂ ਹੋ ਗਏ ਹਨ। ਇਹ ਦਾਖ਼ਲੇ ਅਕਾਦਮਿਕ ਸਾਲ 2025-26 ਦੇ ਅਕਾਦਮਿਕ ਸੈਸ਼ਨ ਫਰਵਰੀ 2026 ਨਾਲ਼ ਸਬੰਧਤ ਹਨ। ਯੂਨੀਵਰਸਿਟੀ ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਐਜੂਕੇਸ਼ਨ ਵਿਖੇ ਕਰਵਾਏ ਜਾਣ ਵਾਲ਼ੇ ਇਨ੍ਹਾਂ ਕੋਰਸਾਂ ਵਿੱਚ ਬੀ.ਏ. ਬੀ.ਕਾਮ., ਐੱਮ.ਏ. ਅੰਗਰੇਜ਼ੀ, ਐੱਮ.ਏ. ਐਜੂਕੇਸ਼ਨ, ਐੱਮ.ਏ. ਪੱਤਰਕਾਰੀ ਅਤੇ ਜਨ-ਸੰਚਾਰ, ਬੀ. ਲਿਬ ਅਤੇ ਐੱਮ. ਲਿਬ ਦੇ ਕੋਰਸ ਸ਼ਾਮਿਲ ਹਨ। ਚਾਹਵਾਨ ਵਿਦਿਆਰਥੀ ਆਨਲਾਈਨ ਵਿਧੀ ਰਾਹੀਂ ਫ਼ੀਸ ਭਰ ਕੇ ਸੈਂਟਰ ਦੀ ਵੈੱਬਸਾਈਟ ਰਾਹੀਂ ਦਾਖ਼ਲਾ ਲੈ ਸਕਦੇ ਹਨ।

ਉਪ ਕੁਲਪਤੀ ਡਾ. ਜਗਦੀਪ ਸਿੰਘ ਨੇ ਇਨ੍ਹਾਂ ਕੋਰਸਾਂ ਦੇ ਹਵਾਲੇ ਨਾਲ਼ ਗੱਲ ਕਰਦਿਆਂ ਕਿਹਾ ਕਿ ਡਿਸਟੈਂਸ ਮੋਡ ਦੇ ਕੋਰਸਾਂ ਦੀ ਆਪਣੀ ਇੱਕ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਉਹ ਸਭ ਵਿਦਿਆਰਥੀ ਜੋ ਕਿਸੇ ਕਾਰਨ ਰੈਗੂਲਰ ਤੌਰ 'ਤੇ ਆਪਣੀ ਉਚੇਰੀ ਸਿੱਖਿਆ ਦੀ ਪੜ੍ਹਾਈ ਨਹੀਂ ਕਰ ਸਕਦੇ, ਉਹ ਇਸ ਮਾਧਿਅਮ ਰਾਹੀਂ ਆਪਣਾ ਇਹ ਸੁਪਨਾ ਪੂਰਾ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਲਿਹਾਜ਼ ਨਾਲ਼ ਇਹ ਕੋਰਸ ਸਮਾਜ ਦੇ ਹਰ ਵਰਗ ਤੱਕ ਸਿੱਖਿਆ ਦੀ ਪਹੁੰਚ ਨੂੰ ਯਕੀਨੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦਾ ਸੈਂਟਰ ਫ਼ਾਰ ਡਿਸਟੈਂਸ ਐਂਡ ਐਜੂਕੇਸ਼ਨ ਇੱਕ ਅਹਿਮ ਵਿਭਾਗ ਹੈ। ਇਸ ਵਿਭਾਗ ਤੋਂ ਪੜ੍ਹੇ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ।

# ਬੈਂਡ-ਵਾਜੇ ਵਾਲੀ ਟਿੱਪਣੀ ਪਈ ਮਹਿੰਗੀ: ਐੱਸ.ਸੀ. ਕਮਿਸ਼ਨ ਵੱਲ ਬਾਜਵਾ ਤਲਬ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਬੈਂਡ ਵਾਜੇ ਵਾਲੀ ਟਿੱਪਣੀ ਦੇ ਮਾਮਲੇ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਤਲਬ ਕਰ ਲਿਆ ਹੈ। ਕਮਿਸ਼ਨ ਨੇ ਅੱਜ ਨੋਟਿਸ ਭੇਜ ਕੇ ਪ੍ਰਤਾਪ ਸਿੰਘ ਬਾਜਵਾ ਨੂੰ ਕਮਿਸ਼ਨ ਅੱਗੇ 11 ਫਰਵਰੀ ਨੂੰ ਬਾਅਦ ਦੁਪਹਿਰ ਤਿੰਨ ਵਜੇ ਪੇਸ਼ ਹੋਣ ਲਈ ਕਿਹਾ ਹੈ। ਇਸੇ ਦੌਰਾਨ ਕਮਿਸ਼ਨ ਨੇ ਐੱਸ.ਐੱਸ.ਪੀ ਅੰਮ੍ਰਿਤਸਰ ਤੋਂ ਵੀ ਇਸ ਬਾਰੇ ਕਾਨੂੰਨੀ ਰਿਪੋਰਟ ਮੰਗ ਲਈ ਗਈ ਹੈ।

# ਪਨਬਸ-ਪੀ.ਆਰ.ਟੀ.ਸੀ ਕੱਚੇ ਮੁਲਾਜ਼ਮਾਂ ਵੱਲੋਂ ਪੰਜਾਬ ਭਰ ਦੇ ਡਿੱਪੂਆਂ 'ਤੇ ਗੇਟ ਰੈਲੀਆਂ, 12 ਫਰਵਰੀ ਤੋਂ




ਲੁਧਿਆਣਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (25/11) ਵੱਲੋਂ ਪੰਜਾਬ ਦੇ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕਰਕੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਜੇਲ੍ਹਾਂ ਵਿੱਚ ਬੰਦ ਸਾਥੀਆਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ। ਲੁਧਿਆਣਾ ਡਿੱਪੂ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਨਿੱਜੀਕਰਨ ਦੀ ਨੀਤੀ ਅੱਗੇ ਵਧਾ ਰਹੀ ਹੈ ਅਤੇ ਸੰਘਰਸ਼ ਕਰ ਰਹੇ ਆਗੂਆਂ 'ਤੇ ਝੂਠੇ ਕੇਸ ਦਰਜ ਕਰਕੇ ਅਵਾਜ਼ ਦਬਾਈ ਜਾ ਰਹੀ ਹੈ।

ਸੂਬਾ ਆਗੂ ਜਗਤਾਰ ਸਿੰਘ ਨੇ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਮੁਲਾਜ਼ਮਾਂ ਦੀ ਰਿਹਾਈ ਨਾ ਹੋਣ ਦੀ ਸੂਰਤ ਵਿੱਚ 11 ਫਰਵਰੀ ਨੂੰ ਬੱਸਾਂ ਬੰਦ ਕਰਕੇ ਹੜਤਾਲ ਕੀਤੀ ਜਾਵੇਗੀ ਅਤੇ 12 ਫਰਵਰੀ ਤੋਂ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਮੁਕੰਮਲ ਚੱਕਾ ਜਾਮ ਤੇ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਮੰਗਾਂ ਮੰਨਣ ਤੱਕ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਕਲਾਸ ਫੋਰਥ ਯੂਨੀਅਨ ਨੇ ਮੰਗਾਂ ਦਾ ਇੱਕ ਮੈਮੋਰੰਡਮ ਕਮਿਸ਼ਨਰ ਨਗਰ ਨਿਗਮ ਨੂੰ ਦਿੱਤਾ



ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਲਾਸ ਫੋਰਥ ਯੂਨੀਅਨ ਪੰਜਾਬ, ਸਬ ਬਰਾਂਚ (ਸੰਬੰਧਤ) ਨਗਰ ਨਿਗਮ, ਪਟਿਆਲਾ ਦੇ ਸਫਾਈ ਸੇਵਕਾ ਸੀਵਰਮੈਨਾਂ ਅਤੇ ਦਰਜਾ ਚਾਰ ਕਰਮਚਾਰੀਆਂ ਦੇ ਮੰਗਾਂ ਦਾ ਇੱਕ ਮੈਮੋਰੰਡਮ ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ ਆਈ.ਏ.ਐਸ. ਨੂੰ ਦਿੱਤਾ ਗਿਆ। ਇਸ ਮੌਕੇ ਤੇ ਯੂਨੀਅਨ ਦੇ ਸੂਬਾ ਪ੍ਰਧਾਨ ਸ੍. ਦਰਸ਼ਨ ਸਿੰਘ ਲੁਬਾਣਾ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ। ਇਸ ਮੌਕੇ ਤੇ ਐਲਾਨ ਕੀਤਾ ਗਿਆ ਕਿ ਮਿਤੀ 12-02-2026 ਦੀ ਦੇਸ਼ ਵਿਆਪੀ ਹੜਤਾਲ ਦੀ ਹਮਾਇਤ ਕੀਤੀ ਗਈ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਦਿਨ ਇੱਕ ਵਿਸ਼ਾਲ ਗੇਟ ਰੈਲੀ ਨਗਰ ਨਿਗਮ ਦਫਤਰ ਵਿਖੇ ਕੀਤੀ ਜਾਵੇ ਕਿ ਮੰਗਾਂ ਦਾ ਜ਼ੋ ਮੰਗ ਪੱਤਰ ਦਿੱਤਾ ਗਿਆ ਉਸ ਵਿੱਚ ਸਮੁੱਚੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੇ ਫੈਸਲੇ ਦੀ ਮਾਨਯੋਗ ਸੁਪਰੀਮ ਕੋਰਟ ਦੇ ਆਰਡਰਾਂ ਦੀ ਕਾਪੀ ਕਮਿਸ਼ਨਰ ਨੂੰ ਦਿੱਤੀ ਗਈ। ਇਸ ਤਰ੍ਹਾਂ ਈ.ਪੀ.ਐਫ. ਦੇ ਪਿਛਲੇ ਬਕਾਏ ਖਾਤੇ ਵਿੱਚ ਵਿਆਜ ਸਮੇਤ ਖਾਤੇ ਵਿੱਚ ਪਾਉਣ ਦੀ ਮੰਗ ਕੀਤੀ ਗਈ। ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦੀ ਮੰਗ ਕੀਤੀ ਗਈ, ਠੇਕੇਦਾਰੀ ਪ੍ਰਥਾ ਨੂੰ ਮੁਕੰਮਲ ਸਮਾਪਤ ਕਰਨ ਦੀ ਮੰਗ ਕੀਤੀ ਗਈ। ਇਸ ਤਰ੍ਹਾਂ ਨਗਰ ਨਿਗਮ ਵਿਖੇ ਸਫਾਈ ਸੇਵਕ ਸੀਵਰਮੈਨਾਂ ਤੇ ਦਰਜਾ ਚਾਰ ਕਰਮਚਾਰੀਆਂ ਦੀ ਘਾਟ ਨੂੰ ਤੇ ਨਵੀਂ ਭਰਤੀ ਕਰਨ ਦੀ ਪੁਰਜੋਰ ਮੰਗ ਕੀਤੀ ਗਈ। ਕਿਉਂਕਿ ਜ਼ੋ ਪਟਿਆਲਾ ਵਿਖੇ ਨਗਰ ਨਿਗਮ ਹਲਕਾ ਦਾ ਕਾਫੀ ਵਿਸਥਾਰ ਹੋਇਆ ਹੈ ਇਸ ਤਰ੍ਹਾਂ ਤਕਰੀਬਨ ਡੇਢ ਦਰਜਨ ਮੰਗਾਂ ਮੰਗ ਪੱਤਰ ਵਿੱਚ ਸ਼ਾਮਲ ਕੀਤੀ ਗਈਆਂ, ਕਮਿਸ਼ਨਰ ਨਗਰ ਨਿਗਮ ਨੇ ਮੰਗਾਂ ਤੇ ਗੱਲਬਾਤ ਕਰਨ ਦਾ ਵੀ ਭਰੋਸਾ ਦਿੱਤਾ ਗਿਆ। ਇਸ ਮੌਕੇ ਤੇ ਨਗਰ ਨਿਗਮ ਦੇ ਪ੍ਰਧਾਨ ਬਾਬੂ ਰਾਮ ਬੱਬੂ, ਜਨਰਲ ਸਕੱਤਰ ਕੁਲਦੀਪ ਕਾਕਾ, ਚੇਅਰਮੈਨ ਹੇਮਰਾਜ, ਸੰਜੇ ਕਾਗੜਾ, ਕੈਸ਼ੀਅਰ ਬਲਜਿੰਦਰ ਕੁਮਾਰ, ਵਾਇਸ ਪ੍ਰਧਾਨ ਸੰਦੀਪ ਕੁਮਾਰ, ਕਮਲ ਦਰੋਗਾ ਪੰਮੀ ਦਰੋਗਾ, ਰਾਹੁਲ ਦਰੋਗਾ, ਸੰਜੇ ਦਰੋਗਾ, ਰਾਜ ਕੁਮਾਰ ਬਿੱਟੂ ਦਰੋਗਾ, ਰਾਜੀਵ ਦਰੋਗਾ, ਰਤਨ ਦਰੋਗਾ, ਵੇਦ ਪ੍ਰਕਾਸ਼ ਦਰੋਗਾ, ਪਵਨ ਦਰੋਗਾ, ਸਨੀ ਮੱਟੂ ਦਰੋਗਾ, ਮਨੀਸ਼ ਦਰੋਗਾ, ਰਾਜੂ ਦਰੋਗਾ, ਮੰਗਤ ਕਲਿਆਣ, ਅਸ਼ੋਕ ਏਕਤਾ, ਅਜੇ ਕੁਮਾਰ ਸੋਨੀ, ਬੰਟੀ ਸੰਗਰ, ਗੁਰਸੇਵਕ ਬਿਡਲਾਨ, ਮੋਨੂੰ ਲੱਕੜ ਮੰਡੀ, ਧਰਮਿੰਦਰ, ਅਮਿਤ ਆਦਿ ਹਾਜਰ ਸਨ।

## ਪ੍ਰਤਾਪ ਨਗਰ, ਪਟਿਆਲਾ ਵਿੱਚ ਵਿਸ਼ਾਲ ਧਰਮ ਸੰਮੇਲਨ ਦਾ ਕੀਤਾ ਗਿਆ ਆਯੋਜਨ

# ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਸਨਾਤਨ ਧਰਮ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕੀਤਾ: ਰਵਿੰਦਰ ਢਿੱਲੋਂ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦੀ 350ਵੀਂ ਵਰ੍ਹੇਗੰਢ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸਥਾਪਨਾ ਦੀ ਸ਼ਤਾਬਦੀ ਮਨਾਉਣ ਲਈ ਦੇਸ਼ ਭਰ ਵਿੱਚ ਆਯੋਜਿਤ ਕੀਤੇ ਜਾ ਰਹੇ ਧਰਮ ਸੰਮੇਲਨਾਂ ਦੀ ਲੜੀ ਦੇ ਹਿੱਸੇ ਵਜੋਂ, ਪ੍ਰਤਾਪ ਨਗਰ, ਪਟਿਆਲਾ ਦੇ ਸਾਰੇ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੁਆਰਾ ਇੱਕ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ਾਲ ਧਰਮ ਸੰਮੇਲਨ ਦੀ ਪ੍ਰਧਾਨਗੀ ਸ਼ਿਵ ਮੰਦਰ ਕਮੇਟੀ, ਪ੍ਰਤਾਪ ਨਗਰ ਦੇ ਪ੍ਰਧਾਨ ਸ਼੍ਰੀ ਗੋਬਿੰਦ ਰਾਮ ਸੇਠ ਨੇ ਕੀਤੀ। ਮੁੱਖ ਬੁਲਾਰੇ ਵਜੋਂ ਭਾਰਤੀ ਕਿਸਾਨ ਸੰਘ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਢਿੱਲੋਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ 350ਵੇਂ ਸ਼ਹੀਦੀ ਸਾਲ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸ਼੍ਰੀ ਸਨਾਤਨ ਧਰਮ ਦੀ ਰੱਖਿਆ ਲਈ ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚਾਨਣਾ ਪਾਇਆ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਸ਼੍ਰੀ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੇ ਆਪਣੀਆਂ ਜਾਨਾਂ ਨਾ ਕੁਰਬਾਨ ਕੀਤੀਆਂ ਹੁੰਦੀਆਂ ਅਤੇ ਜ਼ਾਲਮ ਮੁਗਲਾਂ ਦੇ ਡਰ ਤੋਂ ਜੇਕਰ ਇਸਲਾਮ ਧਰਮ ਕਬੂਲ ਕਰ ਲਿਆ ਹੁੰਦਾ, ਤਾਂ ਅਸੀਂ ਅੱਜ ਆਪਣੀ ਜ਼ਿੰਦਗੀ ਆਜ਼ਾਦੀ ਨਾਲ ਨਹੀਂ ਸੀ ਜੀ ਸਕਦੇ ਅਤੇ ਸਾਡੇ ਪੁਰਖਿਆਂ ਨੇ ਵੀ ਜਾਂ ਤਾਂ ਓਸ ਸਮੇਂ ਇਸਲਾਮ ਧਰਮ ਅਪਣਾ ਲਿਆ ਹੁੰਦਾ ਜਾਂ ਫਿਰ ਆਪਣੀਆਂ ਜਾਨਾਂ ਗੁਆ ਦਿੱਤੀਆਂ ਹੁੰਦੀਆਂ। ਇਸ ਮੌਕੇ ਬੋਲਦਿਆਂ, ਕੈਂਸਰ ਮਾਹਿਰ ਡਾ. ਵਿਨੋਦ ਜੀ ਡੰਗਵਾਲ ਨੇ ਬੱਚਿਆਂ ਵਿੱਚ ਚੰਗੀਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਸਮਾਜ ਦੀ ਸਭ ਤੋਂ ਮਹੱਤਵਪੂਰਨ ਇਕਾਈ, ਪਰਿਵਾਰ ਨੂੰ ਪੂਰੀ ਤਰ੍ਹਾਂ ਮਜ਼ਬੂਤ ਬਣਾਈ ਰੱਖਣ ਲਈ ਅਤੇ ਸਾਡੀ ਸਨਾਤਨ ਸੰਸਕ੍ਰਿਤੀ ਅਤੇ ਸੱਭਿਆਚਾਰ ਪ੍ਰਤੀ ਆਪਣੇ ਫਰਜ਼ ਨਿਭਾਉਣ ਦੀ ਭਾਵਨਾ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸਾਰੇ ਭਾਰਤੀਆਂ ਨੂੰ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਨ, ਵਾਤਾਵਰਣ ਦੀ ਰੱਖਿਆ ਕਰਨ, ਸਵਦੇਸ਼ੀ ਜੀਵਨ ਸ਼ੈਲੀ ਅਪਣਾਉਣ ਅਤੇ ਦੇਸ਼ ਅਤੇ ਸਮਾਜ ਪ੍ਰਤੀ ਆਪਣੇ ਨਾਗਰਿਕ ਫਰਜ਼ਾਂ ਨੂੰ ਪੂਰਾ ਕਰਨ ਲਈ ਅੱਗੇ ਆਉਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਹਵਾ, ਪਾਣੀ ਅਤੇ ਵਾਤਾਵਰਣ ਨੂੰ ਸਾਫ਼ ਰੱਖਣ ਅਤੇ ਪਲਾਸਟਿਕ ਤੋਂ ਪਰਹੇਜ਼ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਆਪਣੇ ਸੰਬੋਧਨ ਦੌਰਾਨ, ਰਾਸ਼ਟਰੀ ਸਵੈਮ ਸੇਵਕ ਸੰਘ ਦੇ ਜ਼ਿਲ੍ਹਾ ਮੁਖੀ ਡਾ. ਰਾਜੇਂਦਰ ਕੁਮਾਰ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ 100 ਸਾਲਾਂ ਦੇ ਸਫ਼ਰ 'ਤੇ ਚਾਨਣਾ ਪਾਇਆ ਅਤੇ ਸਰੋਤਿਆਂ ਨੂੰ ਦੇਸ਼ ਦੀ ਆਜ਼ਾਦੀ ਅੰਦੋਲਨ, ਭਾਰਤ ਦੀ ਵੰਡ ਅਤੇ ਵਿਦੇਸ਼ੀ ਹਮਲਿਆਂ ਦੌਰਾਨ ਦੁਨੀਆ ਦੇ ਸੱਭ ਤੋਂ ਵੱਡੇ ਸਵੈ ਸੇਵੀ ਸੰਗਠਨ ਬਣ ਚੁੱਕੇ ਆਰ ਐਸ ਐਸ ਦੀ ਸ਼ਲਾਘਾਯੋਗ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਮਾਜਿਕ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਆਰ.ਐਸ.ਐਸ. ਤੋਂ ਪ੍ਰੇਰਿਤ ਸੰਗਠਨਾਂ, ਜਿਵੇਂ ਕਿ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.), ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤ ਵਿਕਾਸ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਅਧਿਵਕਤਾ ਪ੍ਰੀਸ਼ਦ, ਸੇਵਾ ਭਾਰਤੀ, ਵਿਦਿਆ ਭਾਰਤੀ, ਅਤੇ ਵਿਗਿਆਨ ਭਾਰਤੀ ਦੁਆਰਾ ਰਾਸ਼ਟਰੀ ਪੱਧਰ 'ਤੇ ਕੀਤੇ ਜਾ ਰਹੇ ਸ਼ਲਾਘਾਯੋਗ ਕੰਮ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਸਟੇਜ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਹੋਏ, ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਨੇ ਕਿਹਾ ਕਿ ਦੁਨੀਆ ਦੇ ਹਰ ਵਿਅਕਤੀ ਲਈ ਧਰਮ ਦੇ ਸਹੀ ਅਰਥ ਅਤੇ ਆਪਣੇ ਕਰਤੱਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਧਰਮ ਦਾ ਮਤਲਬ ਕਿਸੇ ਖਾਸ ਪੂਜਾ ਵਿਧੀ ਨਾਲ ਜੁੜਨਾ ਨਹੀਂ ਹੈ। ਸ਼੍ਰੀ ਸਨਾਤਨ ਵੈਦਿਕ ਹਿੰਦੂ ਧਰਮ ਇੱਕ ਅਜਿਹਾ ਧਰਮ ਹੈ ਜੋ ਸਾਨੂੰ ਜੀਵਨ ਨੂੰ ਆਪਣੇ ਸਹੀ ਅਰਥਾਂ ਵਿੱਚ ਜਿਉਣਾ ਸਿਖਾਉਂਦਾ ਹੈ। ਸਨਾਤਨ ਧਰਮ ਵਿਸ਼ਵ ਭਾਈਚਾਰੇ ਅਤੇ ਪੂਰਾ ਵਿਸ਼ਵ ਇੱਕ ਹੀ ਪਰਿਵਾਰ ਦੇ ਪਵਿੱਤਰ ਸਿਧਾਂਤਾਂ ਦਾ ਪ੍ਰਚਾਰ ਕਰਦਾ ਹੈ। ਜਨਤਾ ਵਿੱਚ ਇਸ ਵਿਚਾਰ ਨੂੰ ਵਿਹਾਰਕ ਅਤੇ ਠੋਸ ਰੂਪ ਦੇਣ ਅਤੇ ਸਾਰੇ ਦੇਸ਼ ਵਾਸੀਆਂ ਵਿੱਚ ਆਪਣੇ ਦੇਸ਼, ਧਰਮ ਅਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਦੀ ਭਾਵਨਾ ਨੂੰ ਮੁੜ ਜਗਾਉਣ ਲਈ ਦੇਸ਼ ਭਰ ਵਿੱਚ ਹਜ਼ਾਰਾਂ ਧਾਰਮਿਕ ਸੰਮੇਲਨ ਆਯੋਜਿਤ ਕੀਤੇ ਜਾ ਰਹੇ ਹਨ, ਇਹ ਆਯੋਜਨ ਵੀ ਓਸੇ ਪਵਿੱਤਰ ਅਭਿਆਨ ਦੀ ਇੱਕ ਕੜੀ ਹੈ। ਇਸ ਪ੍ਰੋਗਰਾਮ ਵਿੱਚ ਆਰ ਐਸ ਐਸ ਦੇ ਵਿਭਾਗ ਪ੍ਰਚਾਰਕ ਸ਼੍ਰੀ ਸ਼ਿਆਮਵੀਰ ਜੀ, ਨਗਰ ਪ੍ਰਚਾਰਕ ਸ਼੍ਰੀ ਪੁਸ਼ਪਿੰਦਰ ਕੁਮਾਰ, ਨਗਰ ਕਾਰਜਵਾਹ ਸਤੀਸ਼ ਜੀ, ਭਾਰਤੀ ਰੇਲਵੇ ਮੰਤਰਾਲੇ ਦੇ ਡਾਇਰੈਕਟਰ ਸ਼੍ਰੀ ਸਰਵਦਮਨ ਭਰਤ ਨੇ ਵੀ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਧਰਮ ਸੰਮੇਲਨ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਤੇ ਸ਼੍ਰੀ ਖਾਟੂ ਸ਼ਿਆਮ ਦੀਵਾਨੇ ਸਮਿਤੀ ਕੇ ਪ੍ਰਧਾਨ ਪਵਨ ਜੀ ਅਰੋੜਾ, ਕਨਵੀਨਰ ਭੁਪਿੰਦਰ ਸਿੰਘ ਰਾਜੂ ਅਤੇ ਸ਼ਾਮ ਲਾਲ ਸਿੰਗਲਾ ਨੇ ਸੰਮੇਲਨ ਵਿੱਚ ਆਪਣਾ ਮਾਰਗਦਰਸ਼ਨ ਪ੍ਰਦਾਨ ਕਰਨ ਵਾਲੇ ਵਿਦਵਾਨ ਬੁਲਾਰਿਆਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਪਹੁੰਚੇ ਸਾਰੇ ਪਤਵੰਤਿਆਂ ਅਤੇ ਨਾਰੀ ਸ਼ਕਤੀ ਦਾ ਧੰਨਵਾਦ ਕੀਤਾ।

# ਚੰਡੀਗੜ੍ਹ ਅਖੁੱਟ ਊਰਜਾ ਤਹਿਤ ਮੁ.ਫਤ ਬਿਜਲੀ ਯੋਜਨਾ ਦੇ ਤਹਿਤ ਸੋਲਰ ਜਾਗਰੂਕਤਾ ਅਤੇ ਸੁਵਿਧਾ ਕੈਂਪ ਆਯੋਜਿਤ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਿਹਾਇਸ਼ੀ ਭਵਨਾਂ 'ਤੇ ਰੂਫਟੌਪ ਸੋਲਰ ਸਿਸਟਮ ਨੂੰ ਅਪਣਾਉਣ ਨੂੰ ਹੁਲਾਰਾ ਦੇਣ ਲਈ, ਚੰਡੀਗੜ੍ਹ ਅਖੁੱਟ ਊਰਜਾ, ਸਾਇੰਸ ਅਤੇ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ (ਕ੍ਰੈਸਟ-ਸੀਆਰਈਐੱਸਟੀ/CREST), ਚੰਡੀਗੜ੍ਹ ਪ੍ਰਸ਼ਾਸਨ, ਭਾਰਤ ਸਰਕਾਰ ਦੀ ਪ੍ਰਮੁੱਖ ਯੋਜਨਾ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦੇ ਤਹਿਤ ਸੋਲਰ ਜਾਗਰੂਕਤਾ ਅਤੇ ਸੁਵਿਧਾ ਕੈਂਪ ਆਯੋਜਿਤ ਕਰ ਰਿਹਾ ਹੈ।

ਇਹ ਕੈਂਪ 10 ਫਰਵਰੀ ਤੋਂ 14 ਫਰਵਰੀ 2026 ਤੱਕ ਸ਼ਹਿਰ ਦੇ ਵਿਭਿੰਨ ਪ੍ਰਮੁੱਖ ਸਥਾਨਾਂ 'ਤੇ ਆਯੋਜਿਤ ਕੀਤੇ ਜਾ ਰਹੇ ਹਨ, ਤਾਕਿ ਨਾਗਰਿਕਾਂ ਨੂੰ ਯੋਜਨਾ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾ ਸਕੇ ਅਤੇ ਰੂਫਟੌਪ ਸੋਲਰ ਪਾਵਰ ਸਿਸਟਮ ਸਥਾਪਿਤ ਕਰਨ ਲਈ ਮੌਕੇ 'ਤੇ ਹੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

ਕੈਂਪ ਸਥਾਨ ਅਤੇ ਚੰਡੀਗੜ੍ਹ ਅਖੁੱਟ ਊਰਜਾ, ਸਾਇੰਸ ਅਤੇ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ (ਕ੍ਰੈਸਟ-ਸੀਆਰਈਐੱਸਟੀ) ਅਧਿਕਾਰੀਆਂ ਦਾ ਵਿਵਰਣ (10.02.2026 ਤੋਂ 14.02.2026):

1. ਸੈਕਟਰ 17 ਮਾਰਕਿਟ (ਫੁਹਾਰਿਆਂ ਦੇ ਨੇੜੇ)
ਸ਼੍ਰੀ ਨਿਤੀਸ਼ ਸ਼ਰਮਾ – 9115504496
2. ਏਲਾਂਟੇ ਮਾਲ (ਫ੍ਰੰਟ ਗੇਟ ਪਾਰਕਿੰਗ ਦੇ ਨੇੜੇ)
ਸ਼੍ਰੀ ਭੂਪੇਂਦਰ ਸੈਣੀ – 9646762196
3. ਸ਼ਾਸਤਰੀ ਮਾਰਕਿਟ, ਸੈਕਟਰ-22 (ਪੀਐੱਨਬੀ ਬੈਂਕ ਦੇ ਨੇੜੇ)
ਸ਼੍ਰੀ ਪੰਕਜ ਗੁਲੇਰੀਆ – 8146103064
4. ਮੌਲੀ ਜੱਗਰਾਂ (ਜੰਕਸ਼ਨ ਪੁਆਇੰਟ, ਠਾਕੁਰ ਆਟਾ ਚੱਕੀ ਦੇ ਨੇੜੇ)
ਸ਼੍ਰੀ ਆਕਾਸ਼ ਦਰਮੋਰਾ – 9034651330
5. ਕਿਸ਼ਨਗੜ੍ਹ (ਪੁਰਾਣੇ ਸਰਕਾਰੀ ਮਿਡਲ ਸਕੂਲ ਦੇ ਨੇੜੇ)
ਸ਼੍ਰੀ ਨਵਦੀਪ ਅਤੇ ਸ਼੍ਰੀ ਸੂਰਜ – 7307002321

ਮੁੱਖ ਬੈਂਕਾਂ ਅਤੇ ਚੰਡੀਗੜ੍ਹ ਅਖੁੱਟ ਊਰਜਾ, ਸਾਇੰਸ ਅਤੇ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ (ਕ੍ਰੈਸਟ-ਸੀਆਰਈਐੱਸਟੀ/CREST) -ਪੈਨਲ ਵਾਲੇ ਵਿਕ੍ਰੇਤਾਵਾਂ ਦੇ ਪ੍ਰਤੀਨਿਧੀ ਵੀ ਕੈਂਪਾਂ ਵਿੱਚ ਸੁਵਿਧਾ ਲਈ ਮੌਜੂਦ ਰਹਿਣਗੇ, ਜੋ ਮੌਕੇ 'ਤੇ ਰਜਿਸਟ੍ਰੇਸ਼ਨ, ਕਰਜ਼ੇ ਸਬੰਧੀ ਮਾਰਗਦਰਸ਼ਨ ਅਤੇ ਸਬਸਿਡੀ ਨਾਲ ਜੁੜੇ ਮਾਮਲਿਆਂ ਵਿੱਚ ਨਾਗਰਿਕਾਂ ਦੀ ਸਹਾਇਤਾ ਕਰਨਗੇ।

ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ:

ਰਿਹਾਇਸ਼ੀ ਰੂਫਟੌਪ ਸੋਲਰ ਸਿਸਟਮ ਲਈ ?78,000 ਤੱਕ ਦੀ ਕੇਂਦਰੀ ਵਿੱਤੀ ਸਹਾਇਤਾ (ਸਬਸਿਡੀ)

ਮੋਹਰੀ ਭਾਗੀਦਾਰ ਬੈਂਕਾਂ ਦੇ ਜ਼ਰੀਏ 6% ਤੱਕ ਦੀ ਘੱਟ ਵਿਆਜ ਦਰ (ਆਰਓਆਈ/♣®9) 'ਤੇ ਬੈਂਕ ਰਿਣ ਸੁਵਿਧਾ

ਵਿਕ੍ਰੇਤਾ ਦੀ ਸਿਲੈਕਸ਼ਨ, ਤਕਨੀਕੀ ਮਾਰਗਦਰਸ਼ਨ ਅਤੇ ਸ਼ਿਕਾਇਤ ਨਿਵਾਰਣ ਹਿਤ ਕ੍ਰੈਸਟ (ਸੀਆਰਈਐੱਸਟੀ/CRES") ਦੁਆਰਾ ਸਿੰਗਲ-ਵਿੰਡੋ ਸੁਵਿਧਾ

ਲਾਭਾਰਥੀਆਂ ਦੇ ਬੈਂਕ ਖਾਤਿਆਂ ਵਿੱਚ ਪ੍ਰਤੱਖ ਲਾਭ ਟ੍ਰਾਂਸਫਰ (ਡੀਬੀਟੀ/42") ਦੇ ਜ਼ਰੀਏ ਸਬਸਿਡੀ ਰਾਸ਼ੀ ਦਾ ਭੁਗਤਾਨ

## ਮਹਿੰਦਰ ਸਿੰਘ ਮਾਨ ਦੀਆਂ ਤਿੰਨ ਗ਼ਜ਼ਲਾਂ



9915803554

**1**

ਡਾਕਟਰਾਂ ਤੇ ਵੈਦਾਂ ਤੋਂ ਠੀਕ ਨਾ ਹੋ ਸਕਿਆ ਜਿਹੜਾ ਰੋਗੀ,
ਉਸ ਨੂੰ ਕਿੱਦਾਂ ਠੀਕ ਕਰੇਗਾ ਦਰ-ਦਰ ਫਿਰਨੇ ਵਾਲਾ ਜੋਗੀ।

ਉਸ ਬੁੱਢੇ ਦੇ ਨਾਂ 'ਤੇ ਖ਼ੂਬ ਪਕੌੜੇ ਤੇ ਰਸਗੁੱਲੇ ਚੱਲੇ,
ਜਿਸ ਨੇ ਭੁੱਖਾ ਤੇ ਪਿਆਸਾ ਰਹਿ ਕੇ ਆਪਣੀ ਆਯੂ ਸੀ ਭੋਗੀ।

ਕੋਠੀ 'ਚ ਰਹੇ ਸ਼ਾਨੋ ਸ਼ੌਕਤ ਨਾ' ਸਾਡੇ ਪਿੰਡ 'ਚ ਇਕ ਜੋਗੀ,
ਦਿਲ 'ਚ ਕਈ ਵਾਰ ਸਵਾਲ ਇਹ ਆਏ, ਉਹ ਜੋਗੀ ਹੈ ਜਾਂ ਭੋਗੀ।

ਇਹ ਦਾਜ ਦੀ ਲਾਹਣਤ ਹੋਰ ਪਤਾ ਨ੍ਹੀ ਕੀ-ਕੀ ਰੰਗ ਦਿਖਾਏਗੀ,
ਇਸ ਹੱਥੋਂ ਤੰਗ ਹੋ ਕੇ ਮਰ ਗਈ ਕਿਧਰੇ ਗੀਤਾ, ਕਿਧਰੇ ਗੋਰੀ।

ਉਹ ਹਾਲੇ ਵੀ ਬੱਸਾਂ ਵਿਚ ਅੱਖਾਂ ਦਾ ਸੁਰਮਾ ਵੇਚੀ ਜਾਵੇ,
ਜੋ ਹੁਣ ਤਕ ਬਣਾ ਚੁੱਕਾ ਹੈ ਸੈਆਂ ਨੂੰ ਅੱਖਾਂ ਦੇ ਰੋਗੀ।

ਘਿਉ, ਆਟਾ, ਦਾਲਾਂ ਤੇ ਖੰਡ ਦੇ ਭਾਅ ਵਧਦੇ ਜਾਂਦੇ ਤੇਜ਼ੀ ਨਾ',
ਅੱਜ ਕਲ੍ਹ ਭੁੱਖੇ ਰਹਿਣਾ ਸਿੱਧ ਹੋ ਸਕਦੈ ਹੱਦੋਂ ਵਧ ਉਪਯੋਗੀ।

**2**

ਸਭ ਕੁਝ ਹੀ ਜਿਸ ਨੇ ਸਮਝ ਲਿਆ ਹੈ ਸ਼ਰਾਬ ਨੂੰ ,
ਉਹ ਸਾੜ ਬੈਠੂ ਆਪਣੀ ਜੀਵਨ-ਕਿਤਾਬ ਨੂੰ।

ਹੋਈ ਸੀ ਉਸ ਦੀ ਹੋਂਦ ਨਾ ਹੋਇਆਂ ਜਹੀ ਉਦੋਂ,
ਜਦ ਕਾਲੀ ਬੱਦਲੀ ਨੇ ਲਿਆ ਸੀ ਢਕ ਮਤਾਬ ਨੂੰ।

ਉਨ੍ਹਾਂ ਨੂੰ ਅੰਤ ਖ਼ਾਲੀ ਹੱਥੀਂ ਪਰਤਣਾ ਪਿਆ,
ਤੋੜਨ ਜੋ ਆਏ ਸਨ ਮੇਰੇ ਦਿਲ ਦੇ ਗੁਲਾਬ ਨੂੰ।

ਦਿਲ ਕਰਦਾ ਏ ਖ਼ੁਸ਼ੀ 'ਚ ਉਦੋਂ ਖੀਵਾ ਹੋਣ ਨੂੰ,
ਜਦ ਚੜ੍ਹ ਕੇ ਵਗਦਾ ਤੱਕਾਂ ਮੈਂ ਸੱਚ ਦੇ ਚਨਾਬ ਨੂੰ।

ਮੈਂ ਆਪ ਰਾਹ ਆਪਣਾ ਚੁਣਨਾ ਸੀ ਦੋਸਤੋ,
ਮੈਂ ਕਿਉਂ ਭਲਾ ਉਡੀਕਦਾ ਉਸ ਦੇ ਜਵਾਬ ਨੂੰ?

ਇਸ ਵਿੱਚੋਂ ਗੀਤ ਦੁਖੀਆਂ ਦੇ ਦੁੱਖਾਂ ਦੇ ਮਿਲਣਗੇ,
ਜਦ ਖੋਲ੍ਹਿਆ ਗਿਆ ਮੇਰੇ ਦਿਲ ਦੀ ਕਿਤਾਬ ਨੂੰ।



**3**

ਪਾਏ ਜੋ ਰਾਹੋਂ, ਕੁਰਾਹੇ ਜਾਨੋਂ ਪਿਆਰੇ ਯਾਰ ਨੂੰ,
ਦੱਸੋ ਕੀ ਰਾਹ ਦੱਸੇਗਾ ਉਹ ਬਾਕੀ ਦੇ ਸੰਸਾਰ ਨੂੰ।

ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ,
ਜ਼ਹਿਰ ਖਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ।

ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ-ਬ-ਦਿਨ,
ਖ਼ਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ।

ਹੁੰਦਾ ਹੈ ਕਾਬਿਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ,
ਜੋ ਸਦਾ ਵਧੀਆ ਦਵਾ ਦਿੰਦਾ ਹੈ ਹਰ ਬਿਮਾਰ ਨੂੰ।

ਜਿਸ ਦੇ ਵਿਚ ਸੱਚ, ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ,
ਲੋਕ ਪੜ੍ਹਦ ਨੇ ਬੜੇ ਚਾਅ ਨਾਲ ਉਸ ਅਖ਼ਬਾਰ ਨੂੰ।

ਤਾਂ ਕਿ ਮੇਰੇ ਕੋਲ ਨਾ ਫ਼ਿਕਰਾਂ ਦਾ ਰਾਖਸ਼ ਆ ਸਕੇ,
ਮੈਂ ਹਮੇਸ਼ਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ।

ਕੁਝ ਪਲਾਂ ਦੇ ਵਿਚ ਤੂੰ ਇਸ ਦੇ ਨਾਲ ਖ਼ੁਦ ਸੜ ਜਾਣਾ ਹੈ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ, ਘਿਰਣਾ ਦੇ ਅੰਗਾਰ ਨੂੰ।

# ਦੀਪਕ ਗ਼ਜ਼ਲ ਸਕੂਲ ਦਾ ਜਾਨਸ਼ੀਨ ਗੁਰਦਿਆਲ ਰੌਸ਼ਨ



ਕੁਲਦੀਪ ਸਿੰਘ ਬੰਗੀ
94174-07778

*ਰੌਸ਼ਨ ਦੀ ਸ਼ਾਇਰੀ ਵਿਚ ਮਹਿਬੂਬ ਦੀਆਂ ਅਦਾਵਾਂ ਤੋਂ ਲੈ ਕੇ ਰਾਜਸੀ ਤੇ ਧਾਰਮਿਕ ਦੰਭ ਤੋਂ ਇਲਾਵਾ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦੇ ਰੰਗ ਵੀ ਮਿਲਦੇ ਹਨ...*

ਗੁਰਦਿਆਲ ਰੌਸ਼ਨ ਦਾ ਜਨਮ 1 ਸਤੰਬਰ 1955 ਨੂੰ ਬੁੜੇ-ਟੁੱਟੇ ਪਰਿਵਾਰ ਵਿਚ ਮਾਤਾ ਸ੍ਰੀਮਤੀ ਚੰਨਣ ਕੌਰ ਅਤੇ ਪਿਤਾ ਗੁਰਦੇਵ ਸਿੰਘ ਦੇ ਘਰ, ਪਿੰਡ ਲੜੋਆ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਹੋਇਆ। ਗੁਰਦਿਆਲ ਰੌਸ਼ਨ ਨੇ ਬਾਲ ਉਮਰੇ ਮੁਸ਼ਕਲ ਹਾਲਾਤ ਹੋਣ ਦੇ ਬਾਵਜੂਦ ਲਗਨ ਅਤੇ ਮਿਹਨਤ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ। ਜਿਸ ਦੇ ਸਿੱਟੇ ਵਜੋਂ ਉਹ ਉੱਚ ਯੋਗਤਾ ਪ੍ਰਾਪਤ ਕਰ, ਸੰਨ 1976 ਵਿਚ ਬਤੌਰ ਕਲਾ ਅਧਿਆਪਕ ਸਰਕਾਰੀ ਸੇਵਾ ਵਿਚ ਆ ਗਿਆ। ਲਗਪਗ 38 ਸਾਲ ਅਧਿਆਪਨ ਕਿੱਤੇ ਵਜੋਂ ਸੇਵਾ ਨਿਭਾਈ। ਗੁਰਦਿਆਲ ਰੌਸ਼ਨ ਅੱਜ-ਕੱਲ ਸੇਵਾ ਮੁਕਤ ਹੋ ਆਪਣੇ ਪਰਿਵਾਰ ਸਮੇਤ ਦੋ ਬੇਟੀਆਂ ਅਤੇ ਦੋ ਬੇਟਿਆਂ ਨਾਲ ਨਿਊ ਅਸ਼ੋਕ ਨਗਰ, ਲੁਧਿਆਣਾ ਵਿਖੇ ਰਹਿ ਰਿਹਾ ਹੈ।

ਗੁਰਦਿਆਲ ਰੌਸ਼ਨ ਦੇ ਦੱਸਣ ਅਨੁਸਾਰ ਉਸ ਅੰਦਰ ਸ਼ਾਇਰੀ ਕੁਦਰਤੀ ਤੌਰ 'ਤੇ ਬਚਪਨ ਤੋਂ ਹੀ ਸੀ। ਨਿੱਕੀ ਉਮਰੇ ਹੀ ਉਹ ਬਾਲ ਸਾਹਿਤ ਪੜ੍ਹਨ ਲੱਗਾ। ਜ਼ਿੰਦਗੀ ਬਿਲਾਸ, ਨਸੀਹਤ ਬਿਲਾਸ ਤੇ ਹੋਰ ਰਸਾਲੇ ਪੜ੍ਹਨੇ ਉਸ ਨੂੰ ਚੰਗੇ ਲੱਗਦੇ ਸਨ। ਪ੍ਰਾਇਮਰੀ ਪੱਧਰ 'ਤੇ ਉਹ ਆਪਣੇ ਵੱਲੋਂ ਲਿਖੀਆਂ ਰਚਨਾਵਾਂ ਬਾਲ ਸਭਾ ਵਿਚ ਬੋਲਣ ਤੇ ਗਾਉਣ ਲੱਗਾ। ਅੱਠਵੀਂ ਕਲਾਸ ਤਕ ਪਹੁੰਚਦੇ-ਪਹੁੰਚਦੇ ਉਹ ਪੰਜਾਬੀ ਦੇ ਮਿਆਰੀ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਣਾ ਸ਼ੁਰੂ ਹੋ ਗਿਆ ਸੀ। ਰੌਸ਼ਨ ਨੇ ਸਾਹਿਤ ਦੀ ਗ਼ਜ਼ਲ ਵਿਧਾ ਨਾਲ ਜੁੜਨ ਅਤੇ ਇਸ ਦੀਆਂ ਬਾਰੀਕੀਆਂ ਨੂੰ ਜਾਣਨ ਲਈ ਬਕਾਇਦਾ ਸਵਰਗੀ ਜਨਾਬ ਦੀਪਕ ਜੈਤੋਈ ਨੂੰ ਆਪਣਾ ਗੁਰੂ ਧਾਰਿਆ। ਜੈਤੋਈ ਨੇ ਆਪਣੇ ਇਸ ਸ਼ਾਗਿਰਦ 'ਤੇ ਐਸੀ ਰਹਿਮਤ ਕੀਤੀ ਕਿ ਰੌਸ਼ਨ ਸਾਹਿਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕਣ ਲੱਗਾ। ਗੁਰਦਿਆਲ ਰੌਸ਼ਨ ਦਾ ਸਾਹਿਤਕ ਸਫ਼ਰ ਪਿਛਲੇ ਪੰਜ ਦਹਾਕਿਆਂ ਤੋਂ ਲਗਾਤਾਰ ਜਾਰੀ ਹੈ। ਪਹਿਲੇ ਸਮਿਆਂ ਵਿਚ ਜਿੱਥੇ ਉਹ ਆਲ ਇੰਡੀਆ ਰੇਡੀਓ 'ਤੇ ਪ੍ਰਮਾਣਿਤ ਸ਼ਾਇਰ ਸੀ, ਉੱਥੇ ਉਸ ਨੇ ਪ੍ਰਮੁੱਖ ਅਖ਼ਬਾਰਾਂ ਵਿਚ ਪ੍ਰਸਿੱਧ ਕਾਲਮ ਵੀ ਚਲਾਏ, ਜਿਸ ਵਿਚ 'ਗ਼ਜ਼ਲ ਮਹਿਫ਼ਲ', 'ਸੱਤ ਸਵਾਲ, 'ਜੰਗਲ ਦੇ ਵਾਸੀ ਤੇ 'ਗ਼ਜ਼ਲ ਚਿੱਤਰ', 'ਸ਼ੀਸ਼ਾ ਬੋਲਦਾ ਹੈ', ਆਦਿ ਹਰ ਹਫ਼ਤੇ ਛਪਦਾ ਰਿਹਾ।

ਰੌਸ਼ਨ ਦੇ ਲਿਖੇ ਗੀਤ ਅਤੇ ਗ਼ਜ਼ਲਾਂ ਨੂੰ ਨਾਮਵਰ ਗਾਇਕਾਂ ਨੇ ਗਾ ਕੇ ਖ਼ੂਬ ਨਾਮਣਾ ਖੱਟਿਆ। ਗੁਰਦਿਆਲ ਰੌਸ਼ਨ ਦਾ ਸਭ ਤੋਂ ਪਹਿਲਾ ਗ਼ਜ਼ਲ ਸੰਗ੍ਰਹਿ, 'ਸੂਹੇ ਬੁੱਲ ਜ਼ਰਦ ਮੁਸਕਾਨ' 1984 ਵਿਚ ਆਇਆ। 'ਕਾਲੇ ਹਾਸ਼ੀਏ' 1990, 'ਰੰਗਾਂ ਦੇ ਸਿਰਨਾਵੇਂ' 1997, 'ਰੰਗਾਂ ਦੀ ਇਬਾਰਤ' 2000, 'ਤ੍ਰਿਕਾਲ' 2002, 'ਹੁਣ ਤਕ' 2003, 'ਤੇਰੇ ਬਿਨਾਂ' 2004, 'ਜ਼ਲਜ਼ਲੇ ਤੋਂ ਬਾਅਦ' 2007, ਸ਼ਬਦਾਂ ਦੀ ਪਰਵਾਜ਼' 2007, 'ਹੁਣ ਤਕ ਦਾ ਸਫਰ' 2009, 'ਆਪਣੇ ਰੂਬਰੂ' 2013, 'ਰੁੱਤਾਂ ਦਾ ਮਾਤਮ' 2014, 'ਮੰਜ਼ਰੀ ਗ਼ਜ਼ਲਾਂ '2016, 'ਮਨ ਦਾ ਰੇਗਿਸਤਾਨ' 2017, 'ਮਹਿਫ਼ਲ' 2017, ਅਤੇ 'ਰੰਗ ਰੰਗ ਦੇ ਲੋਕ' ਕਿਤਾਬ ਦਾ ਕਾਰਜ ਛਪਾਈ ਅਧੀਨ ਹੈ। ਗੀਤ ਸੰਗ੍ਰਹਿ, 'ਗੀਤਾਂ ਦੇ ਬੋਲ' 1991, 'ਮੇਰੇ ਗੀਤ ਸੁਣ' 1997, ਰੰਗ ਹੱਸੇ ਰੰਗ ਰੋਏ' 1999, 'ਰੰਗਾਂ ਦਾ ਦਰਿਆ' 2002, 'ਮਿੱਟੀ ਦੀ ਆਵਾਜ਼' 2010,'ਧਰਤੀ ਦੀ ਫੁੱਲਕਾਰੀ' 2014, 'ਜ਼ਿੰਦਗੀ ਦਾ ਮਰਸੀਆ' 2017, 'ਮੈਂ ਭਾਰਤ ਹਾਂ' 2017, 'ਸ਼ਹਿਰ ਤੇ ਜੰਗਲ' 2017 ਤੋਂ ਇਲਾਵਾ ਬਾਲ ਗੀਤ ਅਤੇ ਸੰਪਾਦਿਤ ਪੁਸਤਕਾਂ ਦੀ ਕੁੱਲ ਗਿਣਤੀ ਅੱਧੇ ਸੈਂਕੜੇ ਦੇ ਕਰੀਬ ਹੈ।

ਰੌਸ਼ਨ ਦੀ ਸ਼ਾਇਰੀ ਵਿਚ ਮਹਿਬੂਬ ਦੀਆਂ ਅਦਾਵਾਂ ਤੋਂ ਲੈ ਕੇ ਰਾਜਨੀਤਿਕ, ਆਰਥਿਕ, ਧਾਰਮਿਕ ਦੰਭ ਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦੇ ਰੰਗ ਮਿਲਦੇ ਹਨ। ਉਹ ਸਮਾਜ ਅੰਦਰ ਪਈਆਂ ਬੇਨਿਯਮੀਆਂ ਦੇ ਖ਼ਿਲਾਫ਼ ਝੰਡਾ ਵੀ ਚੁੱਕਦਾ ਹੈ, ਜਿਵੇਂ...



*ਦੱਸ ਜਾ, ਮਜ਼ਾਰ ਉੱਤੇ ਚਾਦਰ ਚੜ੍ਹਾਉਣ ਵਾਲੇ,*
*ਥਾਂ ਥਾਂ ਤੋਂ ਲੀਰਾਂ ਲੀਰਾਂ ਤੇਰਾ ਲਿਬਾਸ ਕਿਉਂ ਹੈ?*

*ਇਕ ਮੁੱਦਤ ਤੋਂ ਵਿਛੜੇ ਸੱਜਣਾ*
*ਮਿਲਣ ਲਈ ਕੋਈ ਥਾਂ ਲਿਖਣਾ।*
*ਆਪਣੀ ਹਾਲਤ ਬਾਰੇ ਮੈਨੂੰ ,*
*ਚਿੱਠੀ ਵਿਚ ਦੋ ਸਤਰਾਂ ਲਿਖਣਾ।*

*ਝੂਠ ਨਹੀਂ ਨਾ ਪੂਰੀ ਹੋਣੀ ਗੱਲੀਂ-ਬਾਤੀਂ ਭੁੱਖ,*
*'ਰੌਸ਼ਨ' ਜਿਸਮ ਕਿਸੇ ਬੰਦੇ ਦਾ ਢਕਦਾ ਨਹੀਂ ਰੁਮਾਲ।*

ਗੁਰਦਿਆਲ ਰੌਸ਼ਨ ਮੁੱਢ ਤੋਂ ਹੀ ਵਿਲੱਖਣ ਸ਼ਖ਼ਸੀਅਤ ਤੇ ਤਬੀਅਤ ਦਾ ਮਾਲਕ ਰਿਹਾ ਹੈ। ਉਸ ਨੇ ਗ਼ਜ਼ਲ ਦੀ ਬਿਹਤਰੀ ਲਈ ਦਿਨ ਰਾਤ ਸਖ਼ਤ ਮਿਹਨਤ ਕੀਤੀ। ਗ਼ਜ਼ਲ ਅੱਜ ਜਿਸ ਮੁਕਾਮ 'ਤੇ ਹੈ ਉਸ ਨੂੰ ਇਸ ਸਥਾਨ 'ਤੇ ਪਹੁੰਚਾਉਣ ਵਾਲਿਆਂ ਵਿਚ ਗੁਰਦਿਆਲ ਰੌਸ਼ਨ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ। ਰੌਸ਼ਨ ਨੇ ਸ਼ਾਇਰੀ ਦੀ ਸਿਰਫ਼ ਲਾਜ ਹੀ ਨਹੀਂ ਪਾਲੀ ਬਲਕਿ ਗ਼ਜ਼ਲ ਵਿਚ ਨਵੇਂ ਨਵੇਂ ਕੀਰਤੀਮਾਨ ਵੀ ਸਥਾਪਿਤ ਕੀਤੇ। ਸਭ ਤੋਂ ਪਹਿਲਾਂ ਇੱਕੋ ਜ਼ਮੀਨ 'ਤੇ ਸੈਂਕੜੇ ਸ਼ਿਅਰ ਲਿਖੇ।

ਰੌਸ਼ਨ ਦੀ ਪ੍ਰਤਿਭਾ, ਲਗਨ, ਮਿਹਨਤ, ਸਿਰੜ ਤੇ ਕਾਬਲੀਅਤ ਨੂੰ ਵੇਖਦੇ ਹੋਏ, ਦੀਪਕ ਜੈਤੋਈ ਸਾਹਿਬ ਨੇ ਉਨ੍ਹਾਂ ਨੂੰ 'ਦੀਪਕ ਗ਼ਜ਼ਲ ਸਕੂਲ' ਦਾ ਜਾਨਸ਼ੀਨ ਬਣਾ ਕੇ ਇਕ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ। ਜਿਸ ਨੂੰ ਰੌਸ਼ਨ ਹੁਣ ਤਕ ਬਾਖ਼ੂਬੀ ਨਿਭਾ ਰਿਹਾ ਹੈ। ਰੌਸ਼ਨ ਦੇ ਸੈਂਕੜੇ ਹੀ ਸ਼ਗਿਰਦ ਇਸ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਰੌਸ਼ਨ ਅਨੁਸਾਰ ਉਸਤਾਦੀ ਸ਼ਾਗਿਰਦੀ ਪਰੰਪਰਾ ਨੂੰ ਜਾਰੀ ਰੱਖਣ ਵਿਚ ਹੀ ਗ਼ਜ਼ਲ ਦਾ ਭਲਾ ਹੈ। ਕੁਝ ਲੋਕ ਇਸ ਦੀ ਵਿਰੋਧਤਾ ਕਰਦੇ ਹਨ, ਜਦੋਂ ਕਿ ਆਪਣੀ ਸੂਝ ਅਤੇ ਕਿਤਾਬਾਂ ਨਾਲ ਡਿਗਰੀਆਂ ਹਾਸਲ ਨਹੀਂ ਹੁੰਦੀਆਂ, ਅਧਿਆਪਕਾਂ ਤੋਂ ਸਿੱਖਿਆ ਹਾਸਿਲ ਕਰਨੀ ਪੈਂਦੀ ਹੈ ਉਸੇ ਤਰ੍ਹਾਂ ਚਿੱਤਰਕਾਰੀ, ਸੰਗੀਤ ਤੇ ਗ਼ਜ਼ਲ ਸਕੂਲ ਇਕ ਨਰੋਈ ਪਰੰਪਰਾ ਹੈ, ਜਿਸ ਨਾਲ ਗ਼ਜ਼ਲ ਵਿਧਾ ਨਵੀਆਂ ਬੁਲੰਦੀਆਂ ਛੂਹ ਰਹੀ ਹੈ। ਮਾਣ-ਸਨਮਾਨ ਦੀ ਗੱਲ ਕਰੀਏ ਤਾਂ ਸੈਂਕੜੇ ਹੀ ਨਾਮਵਰ ਸੰਸਥਾਵਾਂ ਵੱਲੋਂ ਰੌਸ਼ਨ ਦਾ ਸਨਮਾਨ ਕੀਤਾ ਗਿਆ। ਢੁੱਡੀਕੇ ਵਰਗੀਆਂ ਕੁਝ ਹੋਰ ਸੰਸਥਾਵਾਂ ਨੇ ਤਾਂ ਦੁਬਾਰਾ-ਦੁਬਾਰਾ ਵੀ ਮਾਣ ਦਿੱਤਾ ਪਰ ਰੌਸ਼ਨ ਅਨੁਸਾਰ ਅਸਲੀ ਸਨਮਾਨ ਉਸ ਦੇ ਸ਼ਗਿਰਦ ਅਤੇ ਉਸ ਦੀ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਦੇਸ਼ਾਂ ਵਿਦੇਸਾਂ 'ਚ ਬੈਠੇ ਚਾਹੁੰਣ ਵਾਲਿਆਂ ਦਾ ਵਸੀਹ ਘੇਰਾ ਹੈ। •

## ਕਵਿਤਾਵਾਂ

### ਆਈ ਬਸੰਤ



ਆਈ ਬਸੰਤ ਬਈ ਆਈ ਬਸੰਤ
ਸਭਨਾਂ ਤਾਈਂ ਭਾਈ ਬਸੰਤ
ਪਟਿਆਲੇ ਵਿਚ ਲੱਗੇ ਮੇਲਾ
ਛੱਡ ਕੇ ਲੋਕੀ ਜਾਣ ਝਮੇਲਾ
ਗੁਰੂਦੁਆਰੇ ਰੌਣਕ ਲੱਗੇ
ਚਾਅ ਵਿਚ ਮੇਰਾ ਪੈਰ ਨਾ ਲੱਗੇ
ਸਭਨਾਂ ਪਹਿਨੇ ਪੀਲੇ ਵਸਤਰ
ਲਾਹ 'ਤੇ ਸਭ ਨੇ ਗਲ੍ਹ ਤੋਂ ਖੱਦਰ
ਲੰਗਰ ਦੇ ਵਿਚ ਪੀਲੇ ਚੌਲ੍ਹ
ਲੋਕਾਂ ਛਕ ਲਏ ਭਰ ਕੇ ਕੌਲ੍ਹ
ਗੁੱਡੀਆਂ ਨੇ ਮੱਲਿਆ ਅਸਮਾਨ
ਕਿੱਧਰੇ ਧੂੜ੍ਹ ਖਾਂਦੇ ਜਾਨ
ਕਿੱਧਰੇ ਜਾਵੇ ਕੱਟੀ ਡੋਰ
ਐਪਰ ਗੁੱਡੀਆਂ ਉੱਡਣ ਹੋਰ
ਕਿੱਧਰੇ ਢਾਡੀ ਗਾਉਂਦੇ ਵਾਰਾਂ
ਕਿਤੇ ਕਵੀਸ਼ਰ ਕਰਨ ਵਿਚਾਰਾਂ
ਲੋਕਾਂ ਕੀਤੇ ਨੇ ਇਸ਼ਨਾਨ
ਦਿਲ ਖੋਲ੍ਹ ਕੇ ਕੀਤਾ ਦਾਨ
ਜਿੱਥੇ ਜਿੱਥੇ ਮੇਲਾ ਲੱਗਦਾ
ਬਾਲ ਤੇ ਬੁੱਢਾ ਓਥੇ ਜਾਂਦਾ
ਤੇਗ਼ ਬਹਾਦਰ ਗੁਰੂ ਧਿਆਈਏ
ਮਨ ਇੱਛਤ ਫਲ ਉਥੋਂ ਪਾਈਏ॥



• ਪ੍ਰੋ. ਸੁਲੱਖਣ ਮੀਤ
94633 29939

### ਗੁੰਡਾਗਰਦੀ

ਗੁੰਡਾਗਰਦੀ ਕਵਿਤਾ ਨਹੀਂ ਪੜ੍ਹਦੀ
ਕਤਲ ਹੋਈ ਵਿਚਾਰਧਾਰਾ ਦੀ ਲਾਸ਼ ਦਾ
ਚਿਹਰਾ ਪੜ੍ਹ ਕੇ ਠਹਾਕਾ ਲਗਾਉਂਦੀ ਹੈ ਗੁੰਡਾਗਰਦੀ।
ਗੁੰਡਾਗਰਦੀ ਕਤਲ ਹੋਏ ਸੱਚ ਨੂੰ
ਅਸ਼ਲੀਲ ਤੇ ਜ਼ਲੀਲ ਵਿਸ਼ਲੇਸ਼ਣਾਂ ਨਾਲ
ਸ਼ਰਮਸ਼ਾਰ ਕਰਦੀ ਹੈ।
ਗੁੰਡਾਗਰਦੀ ਸ਼ਰਾਬ ਦੀ ਬੋਤਲ 'ਚੋਂ
ਨਿਕਲਿਆ ਜਿੰਨ ਨਹੀਂ ਹੁੰਦੀ
ਇਹ ਅੰਦਰਲੇ ਕੂੜੇ ਦੀ ਬੋ-ਮਾਰੀ ਕਿਲਕਾਰੀ ਹੁੰਦੀ।
ਗੁੰਡਾਗਰਦੀ ਕਲਾ ਨਹੀਂ ਹੁੰਦੀ ਨਾ ਕਲਾਕਾਰ ਹੁੰਦੀ
ਇਹ ਸ਼ਬਦ ਸੂਹਜ ਤੋਂ ਸੱਖਣੇ ਮਨੁੱਖ ਦੀ
ਭਿੱਟੀ ਹੋਈ ਸੋਚ ਦਾ ਨਿਕਲਿਆ ਜਨਾਜ਼ਾ ਹੁੰਦੀ।
ਗੁੰਡਾਗਰਦੀ ਨੂੰ ਭਰਮ ਹੁੰਦਾ
ਕਿ ਵਸਤਾਂ, ਸੰਸਥਾਵਾਂ, ਰੁਤਬਿਆਂ 'ਤੇ
ਉਸ ਦੇ ਖ਼ੌਫ਼ ਦਾ ਹੀ ਰਾਜ਼ ਹੁੰਦਾ।
ਗੁੰਡਾਗਰਦੀ ਗੰਦੀ ਗਾਲ੍ਹ ਹੁੰਦੀ
ਹੋਛਾ ਤੇ ਹੈਂਕੜ 'ਚ ਲਿਬੜਿਆ ਹਥਿਆਰ ਹੁੰਦੀ ਹੈ।
ਗੁੰਡਾਗਰਦੀ ਦੇ ਕਈ ਰੰਗ, ਰੂਪ ਹਨ
ਇਹ ਚਿੱਟੇ ਕੱਪੜਿਆਂ ਪਿੱਛੇ ਛੁਪੀ
ਸ਼ਾਲੀਨਤਾ ਦੀ ਮਕਾਰੀ ਵੀ ਹੁੰਦੀ
ਬੀਬੇ ਸ਼ਬਦਾਂ ਪਿੱਛੇ ਛੁਪੇ ਜ਼ਹਿਰੀ ਤੀਰ ਵੀ।
ਵੱਡੇ ਕਾਰਜਾਂ 'ਚ ਰੁੱਝੇ ਹੋਣ ਦਾ ਵਿਖਾਵਾ ਕਰਦੀ
ਨੀਅਤ ਦਾ ਖੋਟ ਵੀ ਹੁੰਦੀ ਗੁੰਡਾਗਰਦੀ।
ਆਓ! ਆਪੋ ਆਪਣੇ ਗਰਾਂ ਦਾ ਚੱਕਰ ਲਾਈਏ
ਤੇ ਉਨ੍ਹਾਂ ਗੁੰਡਿਆਂ ਦੀ ਸ਼ਨਾਖ਼ਤ ਕਰੀਏ
ਜਿਹੜੇ ਤੁਹਾਡੇ ਧੀਮੇ ਬੋਲਾਂ ਤੇ ਸੂਖ਼ਮ ਸੁਹਜ ਨੂੰ
ਵਲੂੰਧਰ ਦੇਣਾ ਚਾਹੁੰਦੇ।



• ਮਲਵਿੰਦਰ, 9779591344

## ਸ਼ਬਦੋ ਵਣਜਾਰਿਓ

# ਰਕਮ



ਪਰਮਜੀਤ ਢੀਂਗਰਾ
94173-58120

*ਰਕਮ, ਰੁਕੇ ਦੀ ਨਾਤੇਦਾਰੀ ਰੋਕੜ ਜਾਂ ਵਹੀ ਖ਼ਾਤੇ ਨਾਲ ਹੈ। ਇਹ ਸ਼ਬਦ ਦਰਾਵੜੀ ਤੇ ਆਰੀਅਨ ਜ਼ੁਬਾਨਾਂ 'ਚ ਵਰਤਿਆ ਜਾਂਦਾ ਹੈ। ਜਾਨ ਪਲੈਟਸ ਰੋਕੜ ਦਾ ਜਨਮ ਸੰਸਕ੍ਰਿਤ ਦੀ ਰੋਕ ਧਾਤੂ ਤੋਂ ਮੰਨਦਾ ਹੈ। ਰੋਕੜ ਦਾ ਅਰਥ ਉਹ ਵਹੀ ਵੀ ਹੈ ਜਿਸ 'ਚ ਰਕਮ ਲਿਖੀ ਜਾਂਦੀ ਹੈ...*

ਸ਼ਬਦਾਂ ਦੀ ਖਸਲਤ ਜਾਣਨ ਲਈ ਉਨ੍ਹਾਂ ਨਾਲ ਜੁੜੇ ਸ਼ਬਦਾਂ/ਸੰਕਲਪਾਂ ਦੇ ਰਿਸ਼ਤਿਆਂ ਦੀ ਪਛਾਣ ਜ਼ਰੂਰੀ ਹੈ। ਇਕ ਸ਼ਬਦ ਹੈ ਰਕਮ ਜਾਂ ਰੋਕੜ। ਆਮ ਤੌਰ 'ਤੇ ਇਸ ਸ਼ਬਦ ਦੀ ਵਰਤੋਂ ਨਕਦੀ ਲਈ ਕੀਤੀ ਜਾਂਦੀ ਹੈ। ਰੋਕੜ ਇਕ ਤਰ੍ਹਾਂ ਦਾ ਵਹੀ ਖਾਤਾ ਹੈ। ਰਕਮ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਇਕ ਅਰਥ ਲਿਖਣਾ ਵੀ ਹੈ। ਹਿਸਾਬ ਦੇ ਹਿੰਦਸੇ, ਹਿਸਾਬ ਦਾ ਸਵਾਲ, ਧਨ, ਰੁਪਿਆ, ਪੈਸਾ, ਲਿਖਤ, ਲਿਖਾਈ ਸਭ ਇਸ ਨਾਲ ਜੁੜੇ ਅਰਥ ਹਨ। ਸੰਸਕ੍ਰਿਤ ਸ਼ਬਦ ਰਕਮ ਨਾਲ ਵੀ ਇਹਦੀ ਸਾਂਝੇਦਾਰੀ ਹੈ। ਜਿੱਥੇ ਇਸ ਦਾ ਅਰਥ ਚਮਕਦਾਰ ਜਾਂ ਉਜਲਾਪਨ ਹੈ। ਇਸੇ ਤਰ੍ਹਾਂ ਸੰਸਕ੍ਰਿਤ ਰਕਮ ਦਾ ਅਰਥ ਹੈ-ਸੋਨਾ ਜਾਂ ਲੋਹਾ। ਹਿਬਰੂ ਵਿਚ ਰਕਮ ਦਾ ਅਰਥ ਹੈ-ਕਸੀਦਾਕਾਰੀ ਜਾਂ ਕਢਾਈ ਕਰਨਾ ਜਦ ਕਿ ਫਿਨੀਸ਼ੀ ਵਿਚ ਇਹਦਾ ਅਰਥ ਬੁਣਨਾ ਹੈ।

ਫਿਨੀਸ਼ੀ ਤੇ ਹਿਬਰੂ ਵਿਚ ਜੇ ਰਕਮ ਦੇ ਅਰਥਾਂ ਨੂੰ ਵਾਚੀਏ ਤਾਂ ਕਸੀਦਾਕਾਰੀ ਅਤੇ ਬੁਣਾਈ ਮੂਲ ਰੂਪ ਵਿਚ ਕਪੜੇ ਨੂੰ ਹੋਰ ਅਨਮੋਲ ਜਾਂ ਮਹਿੰਗਾ ਕਰਨਾ ਦੇ ਤੁਲ ਹਨ। ਬੁਣਾਈ, ਸਿਲਾਈ, ਕਢਾਈ ਆਦਿ ਰਾਹੀਂ ਉਨ੍ਹਾਂ ਦਾ ਮੁੱਲ ਵਧਦਾ ਹੈ, ਵਸਤੂ ਨੂੰ ਕੀਮਤੀ ਬਣਾਉਣ ਦੇ ਇਹ ਸਾਧਨ ਹਨ। ਇਹੀ ਰਕਮ ਕਰ ਰਹੀ ਹੈ-ਉਹ ਮੁਲਵਾਨ ਬਣ ਰਹੀ ਹੈ। ਰਕਮ ਵਿਚ ਲਿਖਣ ਜਾਂ ਅੰਕਿਤ ਕਰਨ ਦੇ ਅਰਥ ਸਪਸ਼ਟ ਹਨ। ਇਵੇਂ ਜੇਵਰ 'ਤੇ ਸੋਨੇ, ਚਾਂਦੀ ਦੀ ਮਹੀਨ ਕਾਰੀਗਰੀ ਤੋਂ ਲੈ ਕੇ ਧਾਤ ਦੇ ਟੋਟਿਆਂ 'ਤੇ ਮੁਲਾਂਕਣ, ਹਿਸਾਬ ਕਿਤਾਬ ਲਿਖਣ ਦੇ ਭਾਵ ਵੀ ਇਸ ਵਿਚ ਸ਼ਾਮਲ ਹਨ। ਰਕਮ ਨਾਲ ਸਬੰਧਿਤ ਪੰਜਾਬੀ ਵਿਚ ਅਨੇਕਾਂ ਮੁਹਾਵਰੇ ਮਿਲਦੇ ਹਨ, ਜਿਵੇਂ-ਰਕਮ ਉਤਾਰਨਾ, ਦਰਜ ਕਰਨਾ (ਕਰਜ਼ਾ, ਲਾਹੁਣਾ) ਰਕਮ ਸਿਰ ਟੁਟਣਾ (ਕਿਸੇ ਦੇ ਗਲ ਪੈਸੇ ਪੈ ਜਾਣਾ), ਰਕਮ ਉਤਾਰਨਾ, ਦਰਜ ਕਰਨਾ (ਕਰਜ਼ਾ ਲਾਹੁਣਾ), ਰਕਮ ਕੁੱਟਣਾ (ਚੰਗੀ ਕਮਾਈ ਕਰਨਾ), ਰਕਮ ਕਰਨਾ (ਹਿਸਾਬ ਕਿਤਾਬ ਵਹੀ 'ਤੇ ਲਿਖਣਾ); ਰਕਮ ਖੱਟਣਾ (ਬਹੁਤ ਕਮਾਈ ਕਰਨਾ), ਰਕਮ ਖਰੀ ਕਰਨਾ (ਡੁੱਬੇ ਪੈਸੇ ਮਿਲਣੇ), ਰਕਮ ਖੁੱਲ੍ਹਣਾ/ਖੁਰਨਾ (ਪੈਸੇ ਖ਼ਰਚ ਹੋਣੇ), ਰਕਮ ਘੱਟੇ ਕੌਡੀਆਂ ਰੁਲਣਾ (ਪੈਸਾ ਬੇਅਰਥ ਜਾਣਾ), ਰਕਮ ਚਾੜ੍ਹਨਾ (ਵਹੀ ਵਿਚ ਰਕਮ ਦਰਜ ਕਰਨਾ), ਰਕਮ ਚੀਰਨਾ (ਕਿਸੇ ਕੰਮ ਲਈ ਦਿੱਤੀ ਰਕਮ 'ਚੋਂ ਪੈਸਾ ਖਾਣਾ), ਰਕਮ ਟੁਟਣਾ (ਵਹੀ ਖਾਤੇ 'ਚੋਂ ਬਕਾਇਆ ਨਿਕਲਣਾ), ਰਕਮ ਡੁੱਬ ਜਾਣੀ (ਪੈਸੇ ਵਸੂਲ ਨਾ ਹੋਣੇ), ਰਕਮ ਤਰਨਾ (ਡੁੱਬੇ ਪੈਸੇ ਮਿਲਣੇ), ਰਕਮ ਤਾਰਨਾ (ਪੈਸੇ ਅਦਾ ਕਰਨੇ), ਰਕਮ ਪੂਜਣਾ (ਰਿਸ਼ਵਤ ਦੇਣੀ, ਪੈਸੇ ਚਾੜ੍ਹਨੇ), ਰਕਮ ਵੱਟੇ ਖਾਤੇ ਪੈਣੀ (ਰਕਮ ਵਸੂਲ ਹੋਣ ਜੋਗੀ ਨਾ ਰਹਿਣੀ), ਰਕਮ ਬਣਾਉਣਾ (ਚੋਖਾ ਪੈਸਾ ਕਮਾਉਣਾ), ਰਕਮ ਬੋਲਣਾ (ਬਕਾਇਆ ਨਿਕਲਣਾ), ਰਕਮ ਮਾਰੀ ਜਾਣੀ (ਰਕਮ ਨਾ ਮਿਲਣੀ), ਰਕਮ ਰਖਣਾ (ਕਿਸੇ ਦਾ ਪੈਸਾ ਦਬ ਲੈਣਾ), ਰਕਮ ਰੁੜ੍ਹਨਾ (ਪੈਸਾ ਵਸੂਲ ਨਾ ਹੋਣਾ), ਰਕਮ ਵੱਟਣਾ (ਕਿਸੇ ਵਸਤ ਨੂੰ ਵੇਚ ਕੇ ਪੈਸਾ ਖਰਾ ਕਰਨਾ), ਮੋਟੀ ਰਕਮ (ਬਹੁਤ ਪੈਸਾ) ਆਦਿ। ਰਕਮ ਲਿਖਣ ਸਬੰਧੀ ਨਾਲ ਜੁੜਵਾਂ ਸ਼ਬਦ ਹੈ-ਰੁੱਕਾ। ਇਹ ਅਰਬੀ ਸ਼ਬਦ 'ਰੁਕਆ' ਹੈ, ਜਿਸ ਦਾ ਅਰਥ ਹੈ-ਚਿੱਠੀ, ਪੱਤਰ, ਖ਼ਤ, ਲੀਰ, ਟਾਕੀ, ਜੋੜ, ਪੁਰਜ਼ਾ, ਪਰਚਾ, ਚਿੱਟ।

ਪੰਜਾਬੀ ਵਿਚ ਇਸੇ ਭਾਵ ਦਾ ਸ਼ਬਦ ਹੈ-ਰੁਕੜਾ-ਪੁਰਜਾ, ਟੁਕੜਾ, ਟੋਟਾ, ਖ਼ਤ, ਚਿੱਠੀ। ਮੁਹਾਵਰਾ ਹੈ-ਰੁਕੜੇ ਪੀਣੇ (ਸਾਹ ਪੀ ਜਾਣਾ। ਰੁੱਕਾ ਮੁਦਰਾ ਦੇ ਲੈਣ ਦੇਣ ਦੇ ਵੀ ਕੰਮ ਆਉਂਦਾ ਹੈ ਜਿਵੇਂ-ਹੁੰਡੀ, ਪਰਨੋਟ ਆਦਿ ਵਿਚ। ਰੁਕਾ ਸ਼ਬਦ ਲੈਣ ਦੇਣ ਵਜੋਂ ਵੀ ਲਿਖਿਆ ਜਾਂਦਾ ਹੈ। ਰਕਮ, ਰੁਕੇ ਦੀ ਨਾਤੇਦਾਰੀ ਰੋਕੜ ਜਾਂ ਵਹੀ ਖ਼ਾਤੇ ਨਾਲ ਵੀ ਹੈ।

ਇਹ ਸ਼ਬਦ ਦਰਾਵੜੀ ਤੇ ਆਰੀਅਨ ਜ਼ੁਬਾਨਾਂ ਵਿਚ ਆਮ ਵਰਤਿਆ ਜਾਂਦਾ ਹੈ। ਜਾਨ ਪਲੈਟਸ ਰੋਕੜ ਦਾ ਜਨਮ ਸੰਸਕ੍ਰਿਤ ਦੀ ਰੋਕ ਧਾਤੂ ਤੋਂ ਮੰਨਦਾ ਹੈ। ਰੋਕੜ ਦਾ ਇਕ ਅਰਥ ਉਹ ਵਹੀ ਖਾਤਾ ਜਾਂ ਰਜਿਸਟਰ ਵੀ ਹੈ ਜਿਸ ਵਿਚ ਰਕਮਾਂ ਲਿਖੀਆਂ ਜਾਂਦੀਆਂ ਹਨ। ਲੈਣ-ਦੇਣ ਕੀਤਾ ਜਾਂਦਾ ਹੈ। ਕੈਸ਼ੀਅਰ ਲਈ ਰੋਕੜੀਆ ਸ਼ਬਦ ਵੀ ਪ੍ਰਚਲਤ ਹੈ। ਰੋਕੜ ਮਿਲਾਣ ਦਾ ਅਰਥ ਹੈ ਹਿਸਾਬ ਕਿਤਾਬ ਮਿਲਾਣਾ। •

## ਮਿੰਨੀ ਕਹਾਣੀਆਂ

### ਰੂਹ ਕੁਰਲਾ ਕੇ ਬੋਲੀ



ਦਿਨ ਰਾਤ ਇਕ ਕਰ ਕੇ ਗਹਿਣੇ ਪਈ ਜ਼ਮੀਨ ਛੁਡਵਾਈ, ਆਪਣੀਆਂ ਪੰਜ ਧੀਆਂ ਤੇ ਦੋ ਭੈਣਾਂ ਦੇ ਕਾਰਜ ਵੀ ਸੰਪੂਰਨ ਕੀਤੇ, ਇੱਕਲੇ ਗੁਰਦਿਆਲ ਸਿੰਘ ਨੇ। ਪੂਰਾ ਪਿੰਡ ਉਸ ਦੀ ਮਿਹਨਤ ਦੀ ਉਦਾਹਰਣ ਦਿੰਦਾ ਨੀ ਥੱਕਦਾ ਸੀ ਜੋ ਕਿ ਡਾਢੀ ਕਬੀਲਦਾਰੀ ਨੂੰ ਸਿੱਧੇ ਲੀਹੇ ਪਾਈ ਫਿਰਦਾ ਸੀ। ਫ਼ਸਲ ਨੂੰ ਟਿਕਟਕੀ ਲਾਈ ਨਿਹਾਰਦੇ ਰਾਹ ਵਿਚ ਖੜ੍ਹੇ ਗੁਰਦਿਆਲ ਸਿੰਘ ਨੂੰ ਕੋਲੋਂ ਲੰਘਦਾ ਸੱਜਣ ਸਿੰਘ ਸਾਈਕਲ ਰੋਕਦਾ ਖਾਲ ਵਿਚ ਪਈਆਂ ਦਰੱਖ਼ਤ ਦੀਆਂ ਟਾਹਣੀਆਂ ਵੱਲ ਇਸ਼ਾਰਾ ਕਰਦਾ ਹੋਇਆ ਕਹਿਣ ਲੱਗਾ, 'ਇਸ ਨੂੰ ਚੱਕਦੇ ਭਰਾਵਾਂ, ਪਾਣੀ ਦੇ ਰਾਹ ਵਿਚ ਰੋੜਾ ਬਣਦੀਆਂ ਨੇ, ਵੱਟ ਟੁੱਟ ਜੂ'।

'ਹੁਣ ਤਾਂ ਦੀਵਾ ਹੀ ਬੁੱਝ ਗਿਆ, ਹੁਣ ਨੀ ਦਿਲ ਕਰਦਾ ਕੁਝ ਕਰਨ ਨੂੰ।' ਗੁਰਦਿਆਲ ਸਿੰਘ ਦੀ ਰੂਹ ਕੁਰਲਾ ਕੇ ਬੋਲੀ ਜੋ ਕਿ ਉਸ ਦੇ ਪੁੱਤ ਦੇ ਮਾੜੀ ਸੰਗਤ ਵਿਚ ਪੈਣ ਅਤੇ ਨਸ਼ੇੜੀ ਹੋਣ ਕਰਕੇ ਮੁਰਝਾਈ ਪਈ ਸੀ।

• ਗੋਬਿੰਦਰ ਸਿੰਘ ਢੀਂਡਸਾ
092560-66000

### ਦੀਵੇ ਹੇਠ ਨ੍ਹੇਰਾ



• ਦਰਸ਼ਨ ਸਿੰਘ
94667-37933

ਉਹ ਹਰ ਵੇਲੇ ਹੀ ਔਰਤਾਂ ਦੇ ਹੱਕਾਂ ਬਾਰੇ ਭਾਸ਼ਨ ਦਿੰਦਾ। ਅਖ਼ਬਾਰਾਂ ਵਿਚ ਔਰਤਾਂ ਸਬੰਧੀ ਉਸ ਦੀਆਂ ਰਚਨਾਵਾਂ ਛਪਦੀਆਂ। ਔਰਤ ਦੇ ਮਨ ਦੀ ਗੱਲ ਇਉਂ ਕਰਦਾ ਜਿਵੇਂ ਮਨੋਵਿਗਿਆਨੀ ਹੋਵੇ।

ਹਫ਼ਤੇ ਵਿਚ ਦੋ ਕੁ ਵਾਰੀ ਮੇਰੇ ਕੋਲ ਵੀ ਆਉਂਦਾ। ਗੱਲਾਂ ਹੁੰਦੀਆਂ ਔਰਤ ਦੀ ਆਜ਼ਾਦੀ ਦੀਆਂ। ਸਮਾਜ ਵਿਚ ਪਾਏ ਯੋਗਦਾਨ ਦਾ ਉਹ ਵਿਸ਼ੇਸ਼ ਉਲੇਖ ਕਰਦਾ। ਵੱਖੋ ਵੱਖ ਖੇਤਰਾਂ ਵਿਚ ਕੁੜੀਆਂ ਦੁਆਰਾ ਮਾਰੀਆਂ ਮੱਲਾਂ ਨੂੰ ਸਲਾਹੁੰਦਾ ਥੱਕਦਾ ਨਾ ਉਹ।

ਔਰਤ ਬਾਰੇ ਮੰਦੇ ਬੋਲ ਉਸ ਦੇ ਮੂੰਹੋਂ ਕਦੀ ਕਿਸੇ ਨਾ ਸੁਣੇ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿਣੋਂ ਉਹ ਕਦੀ ਨਾ ਭੁੱਲਦਾ। ਉਸ ਦੀਆਂ ਇਨ੍ਹਾਂ ਗੱਲਾਂ ਕਰਕੇ ਬੜਾ ਇੱਜ਼ਤ ਮਾਣ ਸੀ। "ਪਤਾ ਨਹੀਂ ਲੋਕ ਔਰਤਾਂ ਦੀ ਕਦਰ ਕਿਉਂ ਨਹੀਂ ਕਰਦੇ? ਜਗ ਜਨਣੀ ਹੈ ਉਹ ਤਾਂ। ਭੈਣ, ਪਤਨੀ, ਮਾਂ, ਕਿੰਨੇ ਪਵਿੱਤਰ ਰੂਪ ਨੇ ਔਰਤ ਦੇ। ਲੋਕ ਪਤਾ ਨਹੀਂ ਕਿਉਂ ਮੈਲੀਆਂ ਅੱਖਾਂ ਨਾਲ ਦੇਖਦੇ ਨੇ ਉਸ ਨੂੰ"? ਸੁਣਾਉਣ ਲਈ ਬਹੁਤ ਗੱਲਾਂ ਸਨ ਉਸ ਕੋਲ। ਸੁਣਕੇ ਮਨ ਪ੍ਰਭਾਵਿਤ ਹੋਏ ਬਿਨਾਂ ਨਾ ਰਹਿੰਦਾ। ਮਨ ਦੀ ਕਾਇਆ ਕਲਪ ਕਰ ਦਿੰਦੀਆਂ ਇਹ ਗੱਲਾਂ।

ਇਕ ਦਿਨ ਮੈਂ ਘਰ ਗਿਆ ਅਚਾਨਕ ਉਸ ਦੇ। 'ਔਰਤਾਂ ਦੀ ਸਮਾਜ ਵਿਚ ਭੂਮਿਕਾ' ਵਿਸ਼ੇ ਉੱਪਰ ਸੈਮੀਨਾਰ ਹੋਣਾ ਸੀ। ਸੱਦਾ ਦੇਣਾ ਸੀ ਉਸਨੂੰ। ਉਸ ਵੇਲੇ ਉਹ ਘਰ ਨਹੀਂ ਸੀ। "ਭਾਬੀ ਜੀ, ਕਿੱਥੇ ਗਏ ਨੇ ਭਾਈ ਸਾਹਿਬ"? ਮੈਂ ਕਿਹਾ। "ਬੈਠੋ ਤੁਸੀਂ, ਸਬਜ਼ੀ ਮੰਡੀ ਗਏ ਨੇ। ਆਉਣ ਹੀ ਵਾਲੇ ਨੇ"।

ਮੈਂ ਉਡੀਕਣ ਲੱਗਾ ਉਸ ਨੂੰ। "ਬੜੇ ਗੁਸੈਲੇ ਸੁਭਾਅ ਦੇ ਨੇ ਅੰਦਰੋਂ। ਕਿਵੇਂ ਕੱਟਦੀ ਹਾਂ ਮੈਂ ਇਸ ਬੰਦੇ ਨਾਲ ਮੈਂ ਹੀ ਜਾਣਦੀ ਹਾਂ।" ਬੜੇ ਦੁਖੜੇ ਭਾਬੀ ਜੀ ਨੇ ਆਪ ਸੁਣਾਏ ਅਤੇ ਕੁਝ ਉਸ ਦੀਆਂ ਭਰੀਆਂ ਅੱਖਾਂ ਨੇ। ਸੁਣ ਕੇ ਠੰਠਬਰ ਗਿਆ ਮੈਂ।

ਡੂੰਘੀ ਸੋਚ ਵਿਚ ਡੁੱਬੇ ਨੇ ਪਲ ਭਰ ਵਿਚ ਹੀ ਮੈਂ ਉਸ ਨੂੰ ਸੈਮੀਨਾਰ ਵਿਚ ਨਾ ਬੁਲਾਉਣ ਦਾ ਫ਼ੈਸਲਾ ਕਰ ਲਿਆ ਤੇ ਉਸ ਦੇ ਘਰੋਂ ਬਿਨਾਂ ਉਸ ਨੂੰ ਸੱਦਾ ਪੱਤਰ ਦਿੱਤੇ ਵਾਪਸ ਆ ਗਿਆ। •

*ਗਾਸੋ ਦੇ ਨਾਵਲਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਵਿਚ ਦੋ ਤਿੰਨ ਪਾਤਰ ਅਜਿਹੇ ਹੁੰਦੇ ਹਨ, ਜਿਹੜੇ ਪਹਿਲਾਂ ਪੰਜਾਬੀ ਨਾਵਲੀ ਜਗਤ ਦੇ ਅੰਗ ਨਹੀਂ ਹੁੰਦੇ। ਉਸ ਨੇ ਬਹੁਤ ਸਾਰੇ ਅਣਗੌਲੇ ਪਾਤਰਾਂ ਨੂੰ ਪੰਜਾਬੀ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜਿਨ੍ਹਾਂ ਦੀ ਸਧਾਰਨਤਾ ਵਿਚ ਮਹਾਨ ਗੁਣ ਛੁਪੇ ਹੋਏ ਹਨ...*

# ਅਲਛੋਹੇ ਪਾਤਰਾਂ ਦਾ ਸਿਰਜਕ ਓਮ ਪ੍ਰਕਾਸ਼ ਗਾਸੋ



ਬੂਟਾ ਸਿੰਘ ਚੌਹਾਨ
98143-80749

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਣਖੀ ਨੇ ਗਾਸੋ ਦੇ ਬਚਪਨ ਦੀਆਂ ਚੰਚਲਤਾ ਭਰਪੂਰ ਗੱਲਾਂ ਵੀ ਦੱਸਣੀਆਂ ਪਰ ਜਦੋਂ ਮੈਂ ਉਹ ਨੂੰ ਮੰਚ 'ਤੇ ਬੋਲਦੇ ਸੁਣਦਾ ਤਾਂ ਸੋਚਦਾ ਕੀ ਕਦੇ ਇਹ ਵਿਅਕਤੀ ਬਚਪਨ ਵਿਚ ਚੰਚਲ ਵੀ ਰਿਹਾ ਹੋਵੇਗਾ! ਜਦੋਂ ਮੈਂ ਗਾਸੋ ਦੇ ਕਈ ਨਾਵਲ ਪੜ੍ਹੇ ਤਾਂ ਅਣਖੀ ਦੀ ਦੱਸੀ ਚੰਚਲਤਾ ਉਸਦੇ ਕਈ ਯੁਵਾ ਪਾਤਰਾਂ ਵਿੱਚੋਂ ਆਪ ਮੁਹਾਰੇ ਝਲਕੀ। ਮੈਂ ਸੋਚਿਆ, ਜੇ ਲੇਖਕ ਦਾ ਸਾਰਾ ਵਿਅਕਤਿਤਵ ਕਿਸੇ ਪਾਤਰ ਵਿਚ ਨਹੀਂ ਹੁੰਦਾ, ਕੁਝ ਨਾ ਕੁਝ ਅੰਸ਼ ਤਾਂ ਜ਼ਰੂਰ ਹੁੰਦਾ ਹੈ।

ਇਕ ਵਾਰ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਤਪੇ ਆਏ। ਸਾਡੀ ਸਭਾ ਨੇ ਵਿਰਕ ਤੇ ਸੰਤੋਖ ਸਿੰਘ ਧੀਰ ਨੂੰ ਸੰਤ ਇੰਦਰ ਸਿੰਘ ਚੱਕਰਵਰਤੀ ਐਵਾਰਡ ਦੇਣਾ ਸੀ। ਸਮਾਗਮ ਪਿੱਛੋਂ ਸੀ. ਮਾਰਕੰਡਾ ਦੇ ਘਰੇ ਮਹਿਫ਼ਿਲ ਜੰਮੀ ਤਾਂ ਕੁਲਵੰਤ ਸਿੰਘ ਵਿਰਕ ਕਹਿੰਦਾ, 'ਹੋਰ ਤੁਹਾਡੇ ਗਾਸੋ ਦਾ ਕੀ ਹਾਲ-ਚਾਲ ਐ'?

'ਠੀਕ ਐ'। ਅਣਖੀ ਨੇ ਵਿਰਕ ਵੱਲ ਦੇਖਿਆ ਤੇ ਕਿਹਾ। ਵਿਰਕ ਫੇਰ ਬੋਲੇ, 'ਮੈਂ ਉਹਦਾ ਹਰ ਨਾਵਲ ਪੜ੍ਹਦਾਂ। ਵਧੀਆ ਲਿਖਿਆ ਹੁੰਦੈ। ਕਈ ਪਾਤਰ ਵੱਖਰੀ ਕਿਸਮ ਦੇ ਹੁੰਦੇ ਐ'।

ਵਿਰਕ ਸਹਿਜੇ ਗੱਲਾਂ ਕਰ ਰਹੇ ਸਨ। ਅਣਖੀ ਤੇ ਸੰਤੋਖ ਸਿੰਘ ਧੀਰ ਉਹਦੇ ਵੱਲ ਵੇਖ ਰਹੇ ਸਨ। ਵਿਰਕ ਦੀ ਗੱਲ ਸੁਣ ਕੇ ਮੈਨੂੰ ਗਾਸੋ ਦਾ ਪਾਖਰ ਪਾਤਰ ਯਾਦ ਆਇਆ, ਜਿਹੜਾ 'ਆਸ ਅੱਥਰੂ' ਨਾਵਲ ਦਾ ਬੜਾ ਜਾਨਦਾਰ ਪਾਤਰ ਹੈ। ਮੈਂ ਇਹ ਨਾਵਲ ਬਚਪਨ ਵਿਚ ਮੇਰੇ ਪਿੰਡ ਦੇ ਆਰਐਮਪੀ ਡਾਕਟਰ ਲਾਭ ਸਿੰਘ ਤੋਂ ਲੈ ਕੇ ਪੜ੍ਹਿਆ ਸੀ। ਨਾਵਲ ਵਿਚ ਪਿੰਡ 'ਚ ਇਕ ਲੜਕੇ ਅਤੇ ਲੜਕੀ ਦੇ ਆਪਸੀ ਸਬੰਧ ਪੈਦਾ ਹੋ ਜਾਂਦੇ ਨੇ। ਪਾਖਰ ਨੂੰ ਉਨ੍ਹਾਂ ਦੇ ਸਬੰਧਾਂ ਦਾ ਪਤਾ ਲੱਗ ਜਾਂਦਾ ਹੈ ਤੇ ਉਹ ਸਦਾਚਾਰਕ ਕਦਰਾਂ-ਕੀਮਤਾਂ ਦੀ ਲੱਜ ਪਾਲ਼ਦਾ ਹੋਇਆ ਲੜਕੇ ਨੂੰ ਫ਼ੌਜ ਵਿਚ ਭਰਤੀ ਕਰਵਾ ਆਉਂਦਾ ਹੈ। ਸਿੱਟੇ ਵਜੋਂ ਸੱਪ ਵੀ ਮਰ ਜਾਂਦਾ ਹੈ ਅਤੇ ਸੋਟਾ ਵੀ ਰਹਿ ਜਾਂਦਾ ਹੈ।

ਇਸੇ ਤਰ੍ਹਾਂ 'ਮਿੱਟੀ ਦਾ ਮੁੱਲ' ਦਾ ਮਿਲਖੀ, ਉਸਦੀ ਘਰਵਾਲੀ ਤੇ ਹੋਰ ਬਹੁਤ ਸਾਰੇ ਪਾਤਰ ਅਚਾਨਕ ਹੀ ਮੇਰੇ ਜ਼ਿਹਨ ਵਿਚਦੀ ਲੰਘ ਗਏ। ਗਾਸੋ ਦੇ ਨਾਵਲਾਂ ਦੀ ਹੁਣ ਵੀ ਇਹ ਵਿਸ਼ੇਸ਼ਤਾ ਹੈ ਕਿ ਜਦੋਂ ਉਸ ਦਾ ਕੋਈ ਨਵਾਂ ਨਾਵਲ ਛਪ ਕੇ ਆਉਂਦਾ ਹੈ ਤਾਂ ਉਸ ਵਿਚ ਦੋ ਤਿੰਨ ਪਾਤਰ ਅਜਿਹੇ ਹੁੰਦੇ ਹਨ, ਜਿਹੜੇ ਪਹਿਲਾਂ ਪੰਜਾਬੀ ਨਾਵਲੀ ਜਗਤ ਦੇ ਅੰਗ ਨਹੀਂ ਹੁੰਦੇ ਅਤੇ ਇਹ ਵੀ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਦੋਂ ਵੀ ਉਸ ਦੇ ਸਮੁੱਚੇ ਨਾਵਲ ਜਗਤ ਦੀ ਪੜਚੋਲ ਹੋਵੇਗੀ ਤਾਂ ਇਹ ਗੱਲ ਪ੍ਰਮੁੱਖ ਤੌਰ 'ਤੇ ਸਾਹਮਣੇ ਆਵੇਗੀ ਕਿ ਉਸ ਨੇ ਬਹੁਤ ਸਾਰੇ ਉਹ ਅਣਗੌਲੇ ਪਾਤਰਾਂ ਨੂੰ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜਿਨ੍ਹਾਂ ਦੀ ਸਧਾਰਨਤਾ ਵਿਚ ਮਹਾਨ ਗੁਣ ਛੁਪੇ ਹੋਏ ਸਨ।

ਗਾਸੋ ਨੇ ਆਲੋਚਨਾ ਵੀ ਕੀਤੀ ਹੈ। ਸੱਭਿਆਚਾਰ ਅਤੇ ਬੱਚਿਆਂ ਬਾਰੇ ਪੁਸਤਕਾਂ ਵੀ ਲਿਖੀਆਂ ਹਨ। ਕਵਿਤਾਵਾਂ ਦੀਆਂ ਪੁਸਤਕਾਂ ਵੀ ਪਰ ਉਸ ਦੀ ਮੁੱਖ ਪਛਾਣ ਬਤੌਰ ਨਾਵਲਕਾਰ ਬਣੀ ਹੈ। ਲਿਖਦੇ ਰਹਿਣਾ, ਛਪਦੇ ਰਹਿਣਾ, ਉਸ ਦੀ ਜ਼ਿੰਦਗੀ ਦਾ ਮੂਲ ਮਨੋਰਥ ਹੈ। ਉਹ ਕਿਸੇ ਵਾਧੂ ਬਖੇੜੇ 'ਚ ਨਹੀਂ ਪੈਂਦਾ। ਬਖੇੜੇ 'ਚ ਪੈ ਕੇ ਉਹ ਆਪਣੀਆਂ ਲਿਖੀਆਂ ਜਾਣ ਵਾਲੀਆਂ ਰਚਨਾਵਾਂ ਦੇ ਰਾਹ ਦਾ ਖ਼ੁਦ ਰੋੜਾ ਨਹੀਂ ਬਣਦਾ।

ਬਰਨਾਲਾ ਇਲਾਕੇ ਦਾ ਉਹ ਇਕੱਲਾ ਨਾਵਲਕਾਰ ਹੈ, ਜਿਸ ਦੀਆਂ ਗੱਲਾਂ ਵਿਚ ਕਿਸੇ ਪ੍ਰਕਾਸ਼ਕ ਬਾਰੇ ਕੋਈ ਗਿਲਾ ਨਹੀਂ ਹੁੰਦਾ। ਪਾਠਕਾਂ ਦੀ ਕਮੀ ਬਾਰੇ ਕੋਈ ਚਿੰਤਾ ਨਹੀਂ ਹੁੰਦੀ। ਉਸ ਦੀ ਸਿਰਜੀ ਸੰਸਥਾ 'ਮਿੱਤਰ ਮੰਡਲ ਬਰਨਾਲਾ' ਰਾਹੀਂ ਉਸ ਦੀਆਂ ਕਿਤਾਬਾਂ ਛਪਦੀਆਂ ਹਨ। ਛਪਦੇ ਸਾਰ ਹੀ ਕੁਝ ਦਿਨਾਂ 'ਚ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਜਾਂਦੀਆਂ ਹਨ। ਉਸ ਦੇ ਕਈ ਨਾਵਲਾਂ ਦੇ ਕਈ-ਕਈ ਐਡੀਸ਼ਨ ਛਪੇ, ਜਿਸ ਤਰ੍ਹਾਂ ਉਹਦੇ ਨਾਵਲਾਂ ਦੀ ਗਿਣਤੀ ਵਧੀ ਜਾਂਦੀ ਹੈ, ਉਸੇ ਤਰ੍ਹਾਂ ਪਾਠਕਾਂ ਦੀ ਗਿਣਤੀ ਵੀ।

ਗਾਸੋ ਦਾ ਸੰਪਰਕ ਬੜਾ ਪ੍ਰਭਾਵਸ਼ਾਲੀ ਹੈ। ਉਹਦੀ ਜ਼ਿੰਦਗੀ 'ਚੋਂ ਭਾਵੇਂ ਹਰ ਚੜ੍ਹਦਾ ਦਿਨ ਕਿਰ ਜਾਂਦਾ ਹੈ ਪਰ ਇਕ ਵਾਰ ਉਹਦੇ ਸੰਪਰਕ ਵਿਚ ਆਇਆ ਪਾਠਕ ਉਸ ਦਾ ਆਪਣਾ ਹੋ ਕੇ ਰਹਿ ਜਾਂਦਾ ਹੈ। ਉਸ ਦੇ ਮਿੱਤਰ ਮੰਡਲ ਦਾ ਇਕ ਆਪਣਾ ਪਰਿਵਾਰ ਹੈ। ਉਹ ਹਰ ਮੈਂਬਰ ਦੇ ਦੁਖ-ਸੁਖ 'ਚ ਸ਼ਾਮਿਲ ਹੁੰਦਾ ਹੈ।

ਲੇਖਕਾਂ ਦੀ ਢਾਣੀ ਵਿਚ ਉਹ ਖੱਬਲ ਦੀ ਅੱਗ ਵਾਂਗ ਆਪਣੀ ਗੱਲ ਦਾ ਇਕ ਦਮ ਭੰਬੂਕਾ ਕੱਢ ਦਿੰਦਾ ਹੈ। ਦੋ ਚਾਰ ਮਿੰਟਾਂ ਬਾਅਦ 'ਹੋਰ ਫੇਰ ਖੇਡਦੀ ਐ ਕਾਟੋ ਫੁੱਲਾਂ 'ਤੇ ਕਹਿ ਕੇ ਗੱਲ ਖ਼ਤਮ ਕਰ ਦਿੰਦਾ। ਪਰ ਦੂਜੇ ਪਾਸੇ ਆਪਣੇ ਪਾਠਕਾਂ ਨਾਲ ਉਹ ਲੰਮੀਆਂ ਗੱਲਾਂ ਕਰਦਾ ਹੈ। ਇਹ ਉਸ ਦੇ ਚਹੇਤੇ ਪਾਠਕ ਅਤੇ ਪਾਤਰ ਪੰਜਾਬੀ ਵੀ ਹਨ, ਪਰਵਾਸੀ ਵੀ। ਨਿੱਜੀ ਕਿੱਤੇ ਕਰਨ ਵਾਲੇ ਵੀ ਤੇ ਫੈਕਟਰੀਆਂ 'ਚ ਕੰਮ ਕਰਨ ਵਾਲੇ ਵੀ। ਉਨ੍ਹਾਂ ਨਾਲ ਗੱਲਾਂ ਕਰਦਾ-ਕਰਦਾ ਉਨ੍ਹਾਂ ਦੇ ਮਨਾਂ ਵਿਚ ਉਹ ਇਸ ਤਰ੍ਹਾਂ ਉੱਤਰ ਜਾਂਦਾ ਹੈ, ਜਿਸ ਤਰ੍ਹਾਂ ਉਹ ਸੰਤਾਂ-ਮਹੰਤਾਂ ਦੀ ਸੰਗਤ ਕਰ ਕੇ ਤੀਰਥਾਂ ਦੀ ਯਾਤਰਾ 'ਤੇ ਗਿਆ ਸਰੋਵਰਾਂ 'ਚ ਇਸ਼ਨਾਨ ਕਰਨ ਵੇਲੇ ਪੌੜ੍ਹੀਆਂ ਉੱਤਰ ਜਾਂਦਾ ਹੈ। ਉਸ ਦੀ ਇਹ ਪ੍ਰਵਿਰਤੀ ਉਸ ਦੇ ਸਿਰਜਣਾ ਦੀ ਊਣੇ ਸਰਵਰ ਨੂੰ ਹੌਲੀ-ਹੌਲੀ ਭਰਦੀ ਰਹਿੰਦੀ ਹੈ। ਜਦੋਂ ਉਹ ਨੱਕੋ-ਨੱਕ ਭਰ ਜਾਂਦਾ ਹੈ ਤਾਂ ਉਹ ਵੇਗ 'ਚ ਆ ਕੇ ਨਾਵਲ ਲਿਖਣਾ ਸ਼ੁਰੂ ਕਰ ਦਿੰਦਾ। ਇਹ ਵੇਗ ਇੰਨਾ ਤੇਜ਼ ਹੁੰਦਾ, ਉਸ ਨੂੰ ਆਲਾ-ਦੁਆਲਾ ਭੁੱਲ ਜਾਂਦਾ। ਕਈ-ਕਈ ਦਿਨ ਉਹ ਹੋਰ ਕੁਝ ਨਹੀਂ ਕਰਦਾ ਤੇ ਜਦੋਂ ਸਿਰਜਣਾ ਦੇ ਖੂਹ ਦਾ ਥੱਲਾ ਦਿੱਸਣ ਲੱਗ ਪੈਂਦਾ ਤਾਂ ਉਹਦਾ ਨਾਵਲ ਮੇਘ ਰਾਜ ਮਿੱਤਰ ਦੇ ਹੱਥਾਂ ਵਿਚ ਚਲਿਆ ਜਾਂਦਾ ਹੈ। ਗਾਸੋ ਕਿਸੇ ਨਾਲ ਕਿਸ ਹੱਦ ਤਕ ਨਿਭ ਸਕਦਾ, ਇਸ ਦਾ ਅੰਦਾਜ਼ਾ ਉਸ ਦੇ ਮੇਘ ਰਾਜ ਮਿੱਤਰ ਨਾਲ ਨਿਭਦੇ ਆ ਰਹੇ ਸਬੰਧਾਂ ਤੋਂ ਲਾਇਆ ਜਾ ਸਕਦਾ ਹੈ।

ਉਸ ਦਾ ਨਵਾਂ ਨਾਵਲ ਛਪ ਕੇ ਆਉਂਦਾ ਹੈ ਤਾਂ ਜਿਸ ਤਰ੍ਹਾਂ ਪੰਛੀਆਂ ਦੀ ਡਾਰ ਆਪਣੇ ਇਕੱਲੇ-ਇਕੱਲੇ ਆਲ੍ਹਣੇ ਵਿਚ ਸਮਾ ਜਾਂਦੀ ਹੈ, ਉਸੇ ਤਰ੍ਹਾਂ ਉਹਦੇ ਨਾਵਲਾਂ ਦੀਆਂ ਕਾਪੀਆਂ ਪਾਠਕਾਂ ਦੇ ਸਨਮੁੱਖ ਹੋ ਜਾਂਦੀਆਂ ਹਨ। ਉਸ ਦਾ ਇਹ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ। ਇਸ ਪਿੱਛੋਂ ਉਹ ਫੇਰ ਸਾਹਿਤਕ ਤੇ ਵਿੱਦਿਅਕ ਸੰਸਥਾਵਾਂ ਦੇ ਸਮਾਗਮਾਂ 'ਚ ਜਾਣਾ ਸ਼ੁਰੂ ਕਰਦਾ ਹੈ। ਉਸ ਦੀ ਵਿਸ਼ੇਸ਼ਤਾ ਹੈ ਕਿ ਉਹ ਮੰਚ 'ਤੇ ਬੋਲਣ ਤੋਂ ਪਹਿਲਾਂ ਡੈਸਕ ਬੋਰਡ 'ਤੇ ਘੜੀ ਕੱਢ ਕੇ ਰੱਖਦਾ ਹੈ ਤੇ ਨਿਸ਼ਚਿਤ ਸਮੇਂ ਤੇ ਬੋਲ ਕੇ ਆਪਣੀ ਵਿਦਵਤਾ ਦਾ ਜਾਦੂ ਪੰਡਾਲ ਦੇ ਕੋਨੇ-ਕੋਨੇ ਤਕ ਬਿਖੇਰ ਦਿੰਦਾ ਹੈ। ਸੁਣਨ ਵਾਲੇ ਉਸ ਦੇ ਵੇਗ ਵਿਚ ਵਹਿੰਦੇ ਜਾਂਦੇ ਹਨ। ਉਹ ਆਪਣੀ ਆਖੀ ਜਾਣ ਵਾਲੀ ਗੱਲ ਵਿਚ ਬੀਤੇ ਦਿਨੀਂ ਪੜ੍ਹੀਆਂ ਪੁਸਤਕਾਂ ਦਾ ਜ਼ਿਕਰ ਵੀ ਕਰਦਾ ਹੈ ਅਤੇ ਪੁਸਤਕਾਂ ਵਿਚਲੇ ਬੋਧ ਦਾ ਸੰਖੇਪ ਸਾਰ ਰਾਹੀਂ ਪਾਠਕਾਂ ਦੀ ਰੂਹ 'ਚ ਰਚ ਜਾਂਦਾ ਹੈ।

ਜਿਹੜੇ ਪਾਠਕਾਂ ਨੇ ਉਹਦਾ ਕੋਈ ਨਾਵਲ ਜਾਂ ਕੋਈ ਹੋਰ ਪੁਸਤਕ ਨਹੀਂ ਵੀ ਪੜ੍ਹੀ ਹੁੰਦੀ, ਉਨ੍ਹਾਂ ਦੇ ਮਨ 'ਤੇ ਵੀ ਮੰਚ 'ਤੇ ਪੇਸ਼ ਕੀਤੇ ਵਿਚਾਰਾਂ ਰਾਹੀਂ ਉਹ ਬਤੌਰ ਲੇਖਕ ਦੇ ਪ੍ਰਵਾਨ ਚੜ੍ਹ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸਨੂੰ ਬਤੌਰ ਲੇਖਕ ਦੇ, ਜਿੱਥੇ ਕਿਤੇ ਵੀ ਜਾਣ ਦਾ ਮੌਕਾ ਮਿਲਦਾ ਹੈ, ਗਹਿਰੀ ਪਛਾਣ ਬਣ ਜਾਂਦੀ ਹੈ। ਇਹ ਸੁਭਾਗ ਸਿਰਫ ਗਾਸੋ ਦੇ ਹਿੱਸੇ ਹੀ ਆਇਆ ਹੈ। ਮੰਚ ਦਾ ਸਫ਼ਲ ਬੁਲਾਰਾ ਹੋਣ ਕਾਰਨ ਗਾਸੋ ਦੇ ਪਾਠਕਾਂ ਦਾ ਘੇਰਾ ਵਸੀਹ ਹੋਇਆ ਹੈ ਅਤੇ ਭਵਿੱਖ ਵਿਚ ਹੁੰਦੇ ਰਹਿਣ ਦੀ ਸੰਭਾਵਨਾ ਵੀ ਹੈ।

ਗਾਸੋ ਦੇ ਮੈਂ ਆਉਣ ਜਾਣ ਦੇ ਕਈ ਰੂਪ ਵੇਖੇ। ਮੈਨੂੰ ਉਹ ਬਾਜ਼ਾਰ 'ਚ ਤੇਜ਼ ਸਾਈਕਲ ਚਲਾਉਂਦਾ ਮਿਲਿਆ। ਹੌਲੀ-ਹੌਲੀ ਤੇ ਪੈਦਲ ਆਉਂਦਿਆਂ ਜਾਂਦਿਆਂ ਵੀ। ਬਹੁਤ ਵਾਰ ਢਿੱਲ ਮੱਠ ਹੋਣ ਦੀ ਸੂਰਤ 'ਚ ਆਪਣੇ ਕਿਸੇ ਚੇਲੇ ਦੇ ਸਕੂਟਰ ਜਾਂ ਮੋਟਰ ਸਾਈਕਲ ਦੇ ਪਿੱਛੇ ਬੈਠਿਆਂ ਵੀ। ਗੱਲ ਕੀ ਉਹ ਕਿਸੇ ਸਥਿਤੀ 'ਚ ਹੋਵੇ,



ਕੋਈ ਸੱਟ ਵੱਜੀ ਹੋਵੇ ਜਾਂ ਢਿੱਲਾ ਮੱਠਾ ਹੋਵੇ। ਉਸ ਦਾ ਜੀਵਨ ਸਫ਼ਰ ਚੱਲਦਾ ਰਹਿੰਦਾ ਹੈ। ਉਹ ਭਾਵੇਂ ਸਭ ਨੂੰ ਘਰ ਦਾ ਬੰਦਾ ਲੱਗਦਾ ਹੈ ਪਰ ਇਸ ਗੱਲ ਦੀ ਲੱਜ ਪਾਲ਼ਦਾ ਹੋਇਆ ਕਦੇ ਉਹ ਆਪਣੇ ਘਰ ਦਾ ਹੋ ਕੇ ਨਹੀਂ ਰਹਿੰਦਾ। ਘਰੇ ਜਾਵੋ ਤਾਂ ਅਕਸਰ ਹੀ ਪੜ੍ਹਦਾ ਮਿਲੇਗਾ। ਤੜਕੇ ਸੰਦੇਹਾਂ ਫੋਨ ਕਰੋ ਜਾਂ ਦੇਰ ਰਾਤ, ਅੱਗੋਂ ਗੜ੍ਹਕਵੀਂ ਆਵਾਜ਼ ਸੁਣਾਈ ਦੇਵੇਗੀ, ਜਿਸ 'ਚ ਨਹੁੰ ਭਰ ਵੀ ਨੀਂਦ ਦੀ ਰੜਕ ਨਹੀਂ ਹੁੰਦੀ।

ਇਕ ਵਾਰ ਉਹ ਮੈਨੂੰ ਛੱਤੇ ਖੂਹ ਕੋਲੇ ਮਿਲ ਗਿਆ। ਗੋਕਲ ਮਾਰਕੀਟ 'ਚ ਸਾਹਮਣੇ ਉਹ ਮੋਚੀ ਤੋਂ ਜੁੱਤੀ ਦੇ ਤਲੇ ਲਵਾ ਰਿਹਾ ਸੀ। ਝੋਲਾ ਉਸ ਦੇ ਮੋਢੇ 'ਚ ਪਾਇਆ ਹੋਇਆ ਸੀ। ਮੈਂ ਉਹਦਾ ਹਾਲ-ਚਾਲ ਪੁੱਛਿਆ ਤਾਂ ਕਹਿੰਦਾ, 'ਹਾਲ-ਚਾਲ ਨੂੰ ਮੇਰੇ ਕਿਹੜਾ ਗੋਲੀ ਵੱਜੀ ਐ। ਆਹ ਵੇਖ ਲਾ ਘੋੜੇ ਵਰਗਾ ਹੋ ਗਿਆਂ, ਜੇ ਨਹੀਂ ਹੋਇਆ ਤਾਂ ਦੱਸ'।

ਉਹਦੀਆਂ ਬਾਹਾਂ ਚੌੜੀਆਂ ਕੀਤੀਆਂ ਹੋਈਆਂ ਸਨ ਤੇ ਉਹ ਹਿੱਕ ਕੱਢੀ ਖੜ੍ਹਾ ਸੀ ਤੇ ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਲੰਘਣ ਵਾਲੇ ਸਾਰੇ ਲੋਕ ਉਸ ਨੂੰ ਵੇਖਕੇ ਲੰਘ ਰਹੇ ਸਨ ਤਾਂ ਉਸ ਨੇ ਬਾਹਾਂ ਸਿੱਧੀਆਂ ਕਰਕੇ ਕਿਹਾ, 'ਚੱਲ ਛੱਡ ਪਰੇ। ਬਾਕੀ ਗੱਲਾਂ ਫੇਰ ਕਰਾਂਗੇ, ਪਹਿਲਾਂ ਆਹ ਤਿਲਾਂ ਦੀ ਗੱਚਕ ਖਾ! ਕਮਾਲ ਦੀ ਐ। ਚੱਬਣ ਵੇਲੇ ਕੜਾਕਾ ਨਾ ਪਿਆ ਮੈਨੂੰ ਕਹਿ ਦਈਂ'।

ਮੈਂ ਉਹਦੇ ਵੱਲ ਵੇਖਿਆ। ਉਹਦੀ ਹਿੰਮਤ ਵੇਖਕੇ ਹੈਰਾਨ ਰਹਿ ਗਿਆ। ਉਹ ਸੱਚੀਂ ਘੋੜੇ ਵਰਗਾ ਹੋ ਗਿਆ ਸੀ। ਅਜੇ ਢਾਈ ਕੁ ਮਹੀਨੇ ਪਹਿਲਾਂ ਮੈਂ ਡਾ. ਪ੍ਰਦੀਪ ਦੇ ਉਹਦੇ ਟੁੱਟੇ ਚੂਲੇ ਦਾ ਪਤਾ ਲੈਣ ਗਿਆ ਸੀ। ਮੇਰੇ ਜਾਂਦੇ ਨੂੰ ਉਹਦੇ ਕੋਲ ਰਵੀ ਗਾਸੋ ਬੈਠਾ ਸੀ, ਜਿਹੜਾ ਕੁਰੂਕਸ਼ੇਤਰ ਪ੍ਰੋਫੈਸਰ ਲੱਗਿਆ ਹੋਇਆ ਹੈ। ਕੁਝ ਦਿਨ ਪਹਿਲਾਂ ਗਾਸੋ ਉੱਥੇ ਗਿਆ ਸੀ ਤੇ ਅੱਖਾਂ ਅੱਗੇ ਅਚਾਨਕ ਹਨੇਰਾ ਆ ਜਾਣ ਕਾਰਨ ਉਹ ਡਿੱਗ ਪਿਆ ਤੇ ਰਵੀ ਉਸ ਨੂੰ ਇਲਾਜ ਲਈ ਬਰਨਾਲੇ ਲੈ ਆਇਆ ਸੀ। ਮੈਂ ਸੱਟ ਬਾਰੇ ਪੁੱਛਿਆ ਤਾਂ ਗਾਸੋ ਜਿਵੇਂ ਫੋੜੇ ਵਾਂਗ ਅੰਬਿਆ ਪਿਆ ਸੀ, 'ਕੁਰੁਸ਼ੇਤਰ ਦੁਰਯੋਧਨ ਨੇ ਮੇਰਾ ਚੂਲਾ ਤੋੜ ਤਾ। ਪੁੱਛਣ ਵਾਲਾ ਹੋਵੇ, ਧਗੜਿਆ, ਮੈਂ ਕਿਹੜਾ ਤੇਰਾ ਰਾਜ ਖੋਹਿਆ ਸੀ। ਕਰਤੂਤੀਂ ਖੁਹਾਇਆ ਸੀ ਤੈਂ। ਤੋੜਤਾ ਮੇਰਾ ਚੂਲਾ। ਜੇ ਤੋੜਨਾ ਸੀ ਕਿਸੇ ਢਿੱਡਲ ਦਾ ਤੋੜਦਾ ਜਾਂ ਕਿਸੇ ਲੋਕਾਂ ਦੇ ਲਹੂ ਪੀਣੇ ਦਾ। ਮੇਰਾ ਕਿਉਂ ਤੋੜਿਆ? ਮੈਂ ਕਿਹੜਾ ਕਿਸੇ ਦੀ ਮਹਿੰ ਨੂੰ ਟਾਕੂ ਕਰਦਾ ਫਿਰਦਾ ਸੀ ਜਾਂ ਰਿਆ ਢਾਂਡੀ ਵਾਂਗ ਲੋਕਾਂ ਦੀਆਂ ਖੁਰਲੀਆਂ 'ਚ ਮੂੰਹ ਮਾਰਦਾ ਫਿਰਦਾ ਸੀ ਜਾਂ ਗੋਪੀ ਚੰਦ ਦੀ ਜੇਬ ਕੱਟੀ ਸੀ। ਦੁਰਯੋਧਨ ਮੇਰਿਆ ਧਗੜਿਆ! ਮੇਰੇ ਕੁਸ਼ ਲੱਗਦਿਆ ਹੋ ਲੈਣ ਦੇ ਮੈਨੂੰ ਠੀਕ, ਫੇਰ ਪੁੱਛੂੰ ਤੈਨੂੰ ਫ਼ੱਕਰਾਂ ਦੇ ਚੂਲੇ ਕਿਵੇਂ ਤੋੜੀਦੇ ਐ'।

ਮੈਂ ਤੇ ਰਵੀ ਉਹਦੀ ਗੱਲ ਸੁਣੀ ਜਾ ਰਹੇ ਸੀ। ਦੁਰਯੋਧਨ ਉਹਨੇ ਸਾਰਾ ਪੁਣ ਦਿੱਤਾ ਸੀ ਤੇ ਫੇਰ ਜਦੋਂ ਮੇਰੀ ਤੇ ਰਵੀ ਦੀ ਅੱਖ ਮਿਲੀ ਤਾਂ ਗਾਸੋ ਕੱਝ ਢੈਲਾ ਹੋਇਆ, 'ਚੱਲ ਮਾਰ ਗੋਲੀ। ਦੁਰਯੋਧਨ ਨੇ ਮੇਰਾ ਜਿਹੜਾ ਕੁਸ਼ ਕਰਨੈਂ ਕਰ ਲੇ। ਮੈਂ ਨੀ ਕਰਦਾ ਪਰਵਾਹ, ਜਮਾਂ ਨੀ ਕਰਦਾ। ਹਿੱਕ ਕੱਢ ਕੇ ਜਿਉਂਗਾ, ਜਦੋਂ ਤਕ ਰਹੂੰ, ਦੁਰਯੋਧਨ ਦੀ ਹਿੱਕ 'ਚ ਗੋਡਾ ਦੇ ਕੇ ਰਹੂੰ, ਪਾਂਡਵ ਈ ਨਿਭਾਗੇ ਸੀ, ਜਿਨ੍ਹਾਂ ਨੂੰ ਵਾਹਣੀ ਪਾਈ ਰੱਖਿਆ ਸਾਰੀ ਉਮਰ। ਮੈਂ ਡਰਦਾ ਨੀ। ਹੋ ਲੈਣ ਦੇ ਠੀਕ। ਕੁਰੁਸ਼ੇਤਰ ਫੇਰ ਆਉਂ, ਪਰ ਤੂੰ ਰਾਤ ਨੂੰ ਨਾ ਟੱਕਰੀਂ ਦੁਰਯੋਧਨਾ! ਯੁੱਧ ਦਿਨੇ ਹੁੰਦੇ ਐ! ਹੋ ਲੈਣ ਦੇ ਮੈਨੂੰ ਠੀਕ, ਹਾਂ ਤੈਨੂੰ ਕਹਿ ਤਾ...।

ਗਾਸੋ ਬੋਲੀ ਜਾ ਰਿਹਾ ਸੀ। ਮੈਨੂੰ ਉਹ ਪਾਂਡਵਾਂ ਨਾਲ ਖੜ੍ਹਾ ਵਿਖਾਈ ਦੇ ਰਿਹਾ ਸੀ। ਮੇਰੇ ਜ਼ਿਹਨ 'ਚ ਉਸ ਦੇ ਕਈ ਨਾਵਲ ਅੱਗੜ-ਪਿੱਛੜ ਗੁਜ਼ਰੇ, ਜਿਨ੍ਹਾਂ ਵਿਚਲੇ ਦੁਰਯੋਧਨ ਮੇਰੀਆਂ ਅੱਖਾਂ ਅੱਗੇ ਵਾਰੀ-ਵਾਰੀ ਬਦਲਵੇਂ ਰੂਪ 'ਚ ਆਉਣ ਲੱਗੇ ਤੇ ਗਾਸੋ ਜਿਨ੍ਹਾਂ ਨੂੰ ਅਜੇ ਵੀ ਲਲਕਾਰੀ ਜਾ ਰਿਹਾ ਸੀ। •

# 41ਵੀਂ ਰਾਜ ਪੱਧਰੀ ਪਸ਼ੂਧਨ ਪ੍ਰਦਰਸ਼ਨੀ ਵਿੱਚ 8 ਚੈਂਪੀਅਨਾਂ ਦੇ ਪਸ਼ੂਪਾਲਕਾਂ ਨੂੰ ਮਿਲਿਆ 20 ਲੱਖ ਦਾ ਪੁਰਸਕਾਰ




**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

41ਵੀਂ ਰਾਜ ਪੱਧਰੀ ਪ੍ਰਦਰਸ਼ਨੀ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੱਖ-ਵੱਖ ਨਸਲ ਮੇਲ ਤੇ ਫੀਮੇਲ ਚੈਂਪੀਅਨਸ਼ਿਪ ਵਿੱਚ 8 ਪਸ਼ੂਪਾਲਕਾਂ ਨੂੰ ਕੁੱਲ 20 ਲੱਖ ਰੁਪਏ ਦੀ ਇਨਾਮ ਰਕਮ ਦਿੱਤੀ ਹੈ। ਇਨ੍ਹਾਂ ਪਸ਼ੂਪਾਲਕਾਂ ਨੂੰ ਆਪਣੇ-ਆਪਣੇ ਵਰਗ ਲਈ 2.50-.250 ਲੱਖ ਰੁਪਏ ਦਾ ਚੈਕ ਦਿੱਤਾ ਗਿਆ ਹੈ। ਅਹਿਮ ਪਹਿਲੂ ਇਹ ਹੈ ਕਿ ਰਾਜ ਪੱਧਰੀ ਪਸ਼ੂਧਨ ਪ੍ਰਦਰਸ਼ਨੀ ਵਿੱਚ ਕੁੱਲ 53 ਵਰਗਾਂ ਵਿੱਚ 298 ਜੇਤੂਆਂ ਨੂੰ ਕੁੱਲ 50 ਲੱਖ 20 ਹਜਾਰ 600 ਰੁਪਏ ਦੀ ਰਕਮ ਵੰਡੀ ਗਈ ਹੈ।

ਹਰਿਆਣਾ ਦੇ ਪਸ਼ੂਪਾਲਣ ਵਿਭਾਗ ਦੇ ਮਹਾਨਿਦੇਸ਼ਕ ਡਾ. ਪ੍ਰੇਮ ਸਿੰਘ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੁਰਾਹ ਨਸਲ ਮੇਲ ਚੈਂਪੀਅਨਸ਼ਿਪ ਵਿੱਚ ਪਾਣੀਪਤ ਦੇ ਪਿੰਡ ਬੁਰਸ਼ਮ ਨਿਵਾਸੀ ਨਰੇਂਦਰ ਸਿੰਘ, ਮੁਰਾਹ ਨਸਲ ਫੀਮੇਲ ਚੈਂਪੀਅਨਸ਼ਿਪ ਵਿੱਚ ਹਿਸਾਰ ਦੇ ਪਿੰਡ ਸਿੰਘਵਾ ਖਾਸ ਨਿਵਾਸੀ ਇਸ਼ਵਰ ਸਿੰਘ ਦੀ ਮੁਰਾਹ ਨਸਲ ਦੀ ਮੱਝ ਨੂੰ ਚੈਂਪੀਅਨ ਪੁਰਸਕਾਰ ਦਿੱਤਾ ਗਿਆ। ਇਨ੍ਹਾਂ ਦੋਨੋਂ ਪਸ਼ੂਪਾਲਕਾਂ ਨੂੰ ਇਨਾਮ ਵਜੋਂ 2.50-2.50 ਲੱਖ ਰੁਪਏ ਦੀ ਰਕਮ ਦਾ ਚੈਕ ਦਿੱਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਹਰਿਆਣਾ ਨਸਲ ਮੇਲ ਚੈਂਪੀਅਨਸ਼ਿਪ ਵਿੱਚ ਪਾਣੀਪਤ ਦੇ ਪਿੰਡ ਡਿਡਵਾਨੀ ਨਿਵਾਸੀ ਨਰੇਂਦਰ ਦੀ ਹਰਿਆਣਾ ਨਸਲ ਦੇ ਸਾਂਡ ਨੇ ਚੈਂਪੀਅਨ ਪੁਰਸਕਾਰ ਹਾਸਲ ਕੀਤਾ ਹੈ। ਇਸ ਪਸ਼ੂਪਾਲਕ ਨੂੰ ਇਨਾਮ ਵਜੋ 2 ਲੱਖ 50 ਹਜਾਰ ਰੁਪਏ ਦਾ ਚੈਕ ਦਿੱਤਾ ਗਿਆ ਹੈ। ਇਸੀ ਤਰ੍ਹਾ ਹਰਿਆਣਾ ਨਸਲ ਫੀਮੇਲ ਚੈਂਪੀਅਨਸ਼ਿਪ ਵਿੱਚ ਝੱਜਰ ਦੇ ਪਿੰਡ ਗਵਾਲਿਸ਼ਨ ਨਿਵਾਸੀ ਅਨੂਪ ਦੀ ਹਰਿਆਣਾ ਨਸਲ ਦੀ ਗਾਂ ਚੈਂਪੀਅਨ ਰਹੀ, ਸਾਹੀਵਾਲ ਨਸਲ ਮੇਲ ਚੈਂਪੀਅਨਸ਼ਿਪ ਵਿੱਚ ਕਰਨਾਲ ਦੇ ਤਰਾਵੜੀ ਨਿਵਾਸੀ ਅਨੁਜ ਦੇ ਸਾਹੀਵਾਲ ਬੈਲ ਚੈਂਪੀਅਨ ਰਿਹਾ। ਇਸੀ ਮੁਕਾਬਲੇ ਦੇ ਫੀਮੇਲ ਵਰਗ ਵਿੱਚ ਕਰਨਾਲ ਦੇ ਦਾਦੂਪੁਰ ਰੋਡਾਨ ਨਿਵਾਸੀ ਰਾਜਬੀਰ ਦੀ ਸਾਹੀਵਾਲ ਨਸਲ ਦੀ ਗਾਂ ਚੈਂਪੀਅਨ ਰਹੀ।

ਉਨ੍ਹਾਂ ਨੇ ਕਿਹਾ ਕਿ ਐਕਸੋਟਿਕ ਕ੍ਰਾਂਸ ਬ੍ਰੀਡ ਮੇਲ ਚੈਂਪੀਅਨਸ਼ਿਪ ਵਿੱਚ ਪਿੰਡ ਸਗਾ ਨਿਵਾਸੀ ਪਵਨ ਦਾ ਪਸ਼ੂ ਚੈਂਪੀਅਨ ਰਿਹਾ। ਇਸੀ ਤਰ੍ਹਾ ਕਰਨਾਲ ਦੇ ਪਿੰਡ ਗਲਿਬਖੇੜੀ ਦਾ ਅਕਸ਼ਦੀਪ ਦੀ ਫੀਮੇਲ ਪਸ਼ੂ ਚੈਂਪੀਅਨ ਰਹੀ। ਇੰਨ੍ਹਾਂ ਪਸ਼ੂਪਾਲਕਾਂ ਨੂੰ 2 ਲੱਖ 50 ਹਜਾਰ ਰੁਪਏ ਇਨਾਮ ਦੇ ਚੈਕ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਰੋਹਤਕ ਨਿਵਾਸੀ ਸੋਨੀ ਦੇ ਪਸ਼ੂ ਨੂੰ ਮੁਰਾਹ ਯੁਵਾ ਬੁੱਲ ਮੁਕਾਬਲੇ ਵਿੱਚ ਪਹਿਲੇ ਆਉਣ 'ਤੇ 51 ਹਜਾਰ ਰੁਪਏ, ਮਹੇਂਦਰਗੜ੍ਹ ਦੇ ਝੱਕ ਨਿਵਾਸੀ ਇੰਦਰਜੀਤ ਦੇ ਪਸ਼ੂ ਨੂੰ ਮੁਰਾਹ ਬਵੇਲੋ ਡਰਾਈ ਮੁਕਾਬਲੇ ਵਿੱਚ ਪਹਿਲੇ ਆਉਣ 'ਤੇ 51 ਹਜਾਰ ਰੁਪਏ, ਰੋਹਤਕ ਦੇ ਭਗਵਤੀਪੁਰ ਨਿਵਾਸੀ ਰਾਮਨਿਵਾਸ ਦੇ ਪਸ਼ੂ ਨੂੰ ਮੁਰਾਹ ਬਵੇਲੋ ਹੇਲਫਰ ਮੁਕਾਬਲੇ ਵਿੱਚ ਪਹਿਲੇ ਆਉਣ 'ਤੇ 51 ਹਜਾਰ ਰੁਪਏ, ਜੀਂਦ ਪਿੰਡ ਅਲੇਵਾ ਨਿਵਾਸੀ ਮੋਨੂ ਦੇ ਪਸ਼ੂ ਨੂੰ ਮੁਰਾਹ ਮੇਲ ਕਾਫ ਮੁਕਾਬਲੇ ਵਿੱਚ ਪਹਿਲਾ ਪੁਰਸਕਾਰ ਵਜੋ 21 ਹਜਾਰ ਰੁਪਏ, ਝੱਜਰ ਦੇ ਪਿੰਡ ਵਜੀਦਪੁਰ ਨਿਵਾਸੀ ਪ੍ਰਦੀਪ ਕੁਮਾਰ ਦੇ ਪਸ਼ੂ ਨੂੰ ਮੁਰਾਹ ਬਵੇਲੋ ਫੀਮੇਲ ਕਾਫ ਮੁਕਾਬਲੇ ਵਿੱਚ ਪਹਿਲਾ ਆਉਣ 'ਤੇ 21 ਹਜਾਰ ਰੁਪਏ, ਯਮੁਨਾਨਗਰ ਦੇ ਅਲਹਰ ਨਿਵਾਸੀ ਗੋਪਾਲ ਕ੍ਰਿਸ਼ਣ ਦੀ ਗਾਂ ਨੂੰ ਹਰਿਆਣਾ ਗਾਂ ਇੰਨ ਮਿਲਕ ਸ਼੍ਰੇਣੀ ਮੁਕਾਬਲੇ ਵਿੱਚ ਪਹਿਲੇ ਆਉਣ 'ਤੇ 51 ਹਜਾਰ ਰੁਪਏ, ਕੈਥਲ ਦੇ ਖਰਕ ਪਾਂਡਵਾ ਨਿਵਾਸੀ ਵਿਕਰਮ ਦੀ ਗਾਂ ਨੂੰ ਹਰਿਆਣਾ ਗਾਂ ਡਰਾਈ ਮੁਕਾਬਲੇ ਵਿੱਚ ਪਹਿਲੇ ਆਉਣ 'ਤੇ 51 ਹਜਾਰ ਰੁਪਏ, ਭਿਵਾਨੀ ਦੇ ਪਿੰਡ ਭਵਾਨੀ ਖੇੜਾ ਨਿਵਾਸੀ ਆਸ਼ੀਸ਼ ਦੇ ਪਸ਼ੂ ਨੂੰ ਹਰਿਆਣਾ ਪੇਪਰ ਬੁਲਲਾਕਸ ਦੀ ਸ਼੍ਰੇਣੀ ਵਾਲੀ ਮੁਕਾਬਲੇ ਵਿੱਚੋਂ ਪਹਿਲੇ ਪੁਰਸਕਾਰ ਵਜੋ 51 ਹਜਾਰ ਰੁਪਏ ਦੀ ਰਕਮ ਇਨਾਮ ਵਜੋ ਦਿੱਤੀ ਗਈ ਹੈ।

# ਪਸ਼ੂਪਾਲਣ ਨੂੰ ਉਦਯੋਗਿਕ, ਭਾਕਾਰੀ ਅਤੇ ਟਿਕਾਊ ਬਨਾਉਣਾ ਹੈ ਸਰਕਾਰ ਦਾ ਟੀਚਾ : ਨਾਇਬ ਸਿੰਘ ਸੈਣੀ



**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਆਤਮਨਿਰਭਰ ਭਾਰਤ ਦੇ ਸੰਕਲਪ ਦੇ ਨਾਲ ਦੇਸ਼ ਤੇਜ ਗਤੀ ਨਾਲ ਅੱਗੇ ਵੱਧ ਰਿਹਾ ਹੈ। ਅਜਿਹੇ ਸਮੇਂ ਵਿੱਚ ਪਸ਼ੂਪਾਲਣ ਖੇਤਰ ਦੀ ਭੂਮਿਕਾ ਹੋਰ ਵੀ ਵੱਧ ਮਹਤੱਵਪੂਰਣ ਹੋ ਜਾਂਦੀ ਹੈ। ਦੁੱਧ ਉਤਪਾਦਨ, ਮੁੱਲ ਸੰਵਰਧਨ, ਨਿਰਯਾਤ ਸੰਭਾਵਨਾਵਾਂ ਅਤੇ ਸਟਾਰਟ-ਅੱਪ ਸਭਿਆਚਾਰ ਵਿੱਚ ਅਪਾਰ ਮੌਕੇ ਹਨ। ਸੂਬਾ ਸਰਕਾਰ ਦਾ ਟੀਚਾ ਪਸ਼ੂਪਾਲਣ ਨੂੰ ਆਧੁਨਿਕ, ਲਾਭਕਾਰੀ ਅਤੇ ਟਿਕਾਊ ਬਨਾਉਣਾ ਹੈ। ਇਸੀ ਲੜੀ ਵਿੱਚ ਪਸ਼ੂ ਸਿਹਤ ਸੇਵਾਵਾਂ ਨੂੰ ਪਿੰਡ-ਪਿੰਡ ਤੱਕ ਪਹੁੰਚਾ ਰਹੇ ਹਨ, ਉਨੱਤ ਨਸਲ ਸੰਵਰਧਨ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਦੁੱਧ ਸੰਗ੍ਰਹਿਣ ਅਤੇ ਮਾਰਕੀਟਿੰਗ ਦੀ ਮਜਬੂਤ ਵਿਵਸਥਾ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਿਖਲਾਈ ਅਤੇ ਲੋਨ ਸਹੂਲਤਾਂ ਦਾ ਵੀ ਵਿਸਤਾਰ ਵੀ ਕੀਤਾ ਜਾ ਰਿਹਾ ਹੈ। ਸਰਕਾਰ ਦਾ ਪਸ਼ੂਪਾਲਕਾਂ ਦੀ ਆਮਦਨ ਨੂੰ ਵਧਾਉਣ, ਜੋਖਿਮ ਘਾਟੇ ਨੂੰ ਘੱਟ ਕਰਨਾ ਅਤੇ ਬਾਜਾਰ ਤੱਕ ਸਿੱਧੀ ਪਹੁੰਚ ਬਨਾਉਣਾ ਪ੍ਰਾਥਮਿਕਤਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਕੁਰੂਕਸ਼ੇਤਰ ਵਿੱਚ ਆਯੋਜਿਤ 41ਵੀਂ ਰਾਜ ਪੱਧਰੀ ਪਸ਼ੂਧਨ ਪ੍ਰਦਰਸ਼ਨੀ ਸਮਾਰੋਹ ਦੇ ਤੀਜੇ ਦਿਨ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਕੈਬਨਿਟ ਮੰਤਰੀ ਸ਼ਿਆਮ ਸਿੰਘ ਰਾਣਾ, ਸਾਂਸਦ ਸ੍ਰੀ ਨਵੀਨ ਜਿੰਦਲ, ਸਾਬਕਾ ਮੰਤਰੀ ਸ੍ਰੀ ਸੁਭਾਸ਼ ਸੁਧਾ, ਚੇਅਰਮੈਨ ਸ੍ਰੀ ਧਰਮਬੀਰ ਮਿਰਜਾਪੁਰ ਵੀ ਨਾਲ ਰਹੇ।

ਇਸ ਦੌਰਾਨ ਮੁੱਖ ਮੰਤਰੀ ਨੇ ਪ੍ਰਦਰਸ਼ਨੀ ਦਾ ਨਿਰੀਖਣ ਕਰ ਪਸ਼ੂਆਂ ਦੀ ਵੱਖ-ਵੱਖ ਨਸਲਾਂ ਨੂੰ ਦੇਖਿਆ ਅਤੇ ਪਸ਼ੂਪਾਲਕਾਂ ਨਾਲ ਗਲਬਾਤ ਕੀਤੀ। ਮੇਲੇ ਵਿੱਚ ਬਣਾਏ ਕੈਟਵਾਕ 'ਤੇ ਚੰਗੀ ਨਸਲ ਦੇ ਪਸ਼ੂਆਂ ਦਾ ਪ੍ਰਦਰਸ਼ਨ ਦੇਖਿਆ। ਇਸ ਦੌਰਾਨ ਊਠ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਮਾਲਾ ਪਹਿਨਾ ਕੇ ਸਵਾਗਤ ਕੀਤਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੱਖ-ਵੱਖ ਕੈਟੇਗਰੀ ਵਿੱਚ ਅਵੱਲ ਆਉਣ ਵਾਲੇ ਪਸ਼ੂਪਾਲਕਾਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਤਿੰਨ ਦਿਨਾਂ ਦੇ ਪਸ਼ੂਧਨ ਪ੍ਰਦਰਸ਼ਨੀ ਸਾਡੀ ਗ੍ਰਾਮੀਣ ਸਭਿਆਚਾਰ, ਪਸ਼ੂਧਨ ਰਿਵਾਇਤ ਅਤੇ ਆਤਮਨਿਰਭਰ ਭਾਰਤ ਦੀ ਦਿਸ਼ਾ ਵਿੱਚ ਵੱਧਦੇ ਸਾਡੇ ਸੰਕਲਪ ਦਾ ਜਿੰਦਾ ਪ੍ਰਤੀਕ ਹੈ। ਧਰਮ ਖੇਤਰ-ਕੁਰੂਕਸ਼ੇਤਰ ਦੀ ਇਹ ਪਵਿੱਤਰ ਧਰਤੀ, ਜੋ ਕਰਮ, ਜਿਮੇਵਾਰੀ ਅਤੇ ਸੇਵਾ ਦਾ ਸੰਦੇਸ਼ ਦਿੰਦੀ ਹੈ, ਅੱਜ ਪਸ਼ੂਪਾਲਣ ਅਤੇ ਗ੍ਰਾਮੀਣ ਖੁਸ਼ਹਾਲੀ ਦੇ ਸੰਕਲਪ ਦਾ ਗਵਾਹ ਬਣੀ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਤਿੰਨ ਦਿਨਾਂ ਵਿੱਚ ਇਸ ਪ੍ਰਦਰਸ਼ਨੀ ਨੇ ਪਸ਼ੂਪਾਲਕਾਂ, ਕਿਸਾਨਾਂ, ਨੌਜੁਆਨਾਂ, ਵਿਗਿਆਨਕਾਂ ਅਤੇ ਉਦਮੀਆਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕੀਤਾ। ਇੱਥੇ ਉੱਚ ਗੁਣਵੱਤਾ ਵਾਲੇ ਪਸ਼ੂਆਂ ਦੀ ਪ੍ਰਦਰਸ਼ਨੀ, ਕੈਟਲ ਸ਼ੋ, ਆਧੁਨਿਕ ਤਕਨੀਕਾਂ ਦੀ ਝਲਕ, ਪਸ਼ੂ ਸਿਹਤ ਕੈਂਪ, ਸਿਖਲਾਈ ਸ਼ੈਸ਼ਨ ਅਤੇ ਨਵਾਚਾਰ ਅਧਾਰਤ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਨ੍ਹਾਂ ਸਾਰਿਆਂ ਨੇ ਇਹ ਸਾਬਤ ਕੀਤਾ ਕਿ ਹਰਿਆਣਾ ਦਾ ਪਸ਼ੂਪਾਲਣ ਖੇਤਰ ਰਿਵਾਇਤ ਅਤੇ ਪ੍ਰਗਤੀ ਦਾ ਸੁੰਦਰ ਸੰਗਮ ਹੈ। ਸੂਬੇ ਦੇ ਪ੍ਰਤੀ ਵਿਅਕਤੀ ਰੋਜ਼ਾਨਾ ਦੁੱਧ ਉਪਲਬਧਤਾ 1 ਹਜਾਰ 128 ਗ੍ਰਾਮ ਹੈ। ਇਸ ਦਾ ਕ੍ਰੇਡਿਟ ਪਸ਼ੂਪਾਲਕ ਭਰਾ-ਭੈਣਾਂ ਨੂੰ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਸ਼ੂਪਾਲਣ ਸਿਰਫ ਆਮਦਨ ਦਾ ਸਰੋਤ ਨਹੀ, ਸਗੋ ਸਾਡੀ ਗ੍ਰਾਮੀਣ ਅਰਥਵਿਵਸਥਾ ਦੀ ਰੀੜ ਦੀ ਹੱਡੀ ਹੈ। ਹਰਿਆਣਾ ਦੀ ਪਹਿਚਾਣ ਇਸ ਦੇ ਸਮਰਪਿਤ ਪਸ਼ੂਪਾਲਕਾਂ, ਉਨੱਤ ਨਸਲਾਂ ਅਤੇ ਵਿਗਿਆਨਕ ਸੋਚ ਨਾਲ ਬਣੀ ਹੈ। ਦੁੱਧ ਤੇ ਦੁੱਧ ਤੋਂ ਬਣੇ ਉਤਪਾਦ, ਜੈਵ-ਊਰਜਾ, ਜੈਵਿਕ ਖਾਦ ਅਤੇ ਗ੍ਰਾਮੀਣ ਰੁਜ਼ਗਾਰ ਦਾ ਆਧਾਰ ਪਸ਼ੂਪਾਲਣ ਹੈ। ਸਿਹਤ ਪਸ਼ੂ, ਖੁਸ਼ਹਾਲ ਕਿਸਾਨ ਅਤੇ ਮਜਬੂਤ ਪਿੰਡ , ਇਹੀ ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਦਾ ਰਸਤਾ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਆਯੋਜਨ ਦਾ ਸੱਭ ਤੋਂ ਵੱਡਾ ਉਦੇਸ਼ ਪਸ਼ੂਪਾਲਕਾਂ ਨੂੰ ਪਸ਼ੂਆਂ ਨਾਲ ਜੁੜੀ ਨਵੀਨਤਮ ਜਾਣਕਾਰੀ ਦੇਣਾ, ਗੁਣਵੱਤਾ ਦਾ ਸਨਮਾਨ ਕਰਨਾ ਅਤੇ ਨਵਾਚਾਰ ਨੂੰ ਪ੍ਰੋਤਸਾਹਨ ਦੇਣਾ ਹੈ। ਇਹ ਕੈਂਟਲ ਸ਼ੋ ਰਾਹੀਂ ਵਧੀਆ ਨਸਲਾਂ ਨੂੰ ਪਹਿਚਾਣ ਮਿਲੀ, ਪਸ਼ੂਪਾਲਕਾਂ ਦਾ ਮਨੋਬਲ ਵਧਿਆ ਅਤੇ ਨਵੀਂ ਪੀੜੀ ਨੂੰ ਪਸ਼ੂਪਾਲਣ ਨੂੰ ਸਨਮਾਨਜਨਕ ਅਤੇ ਲਾਭਕਾਰੀ ਕਾਰੋਬਾਰ ਵਜੋ ਦੇਖਣ ਦੀ ਨਵੀਂ ਪ੍ਰੇਰਣਾ ਮਿਲੀ ਹੈ। ਆਧੁਨਿਕ ਪਸ਼ੂ ਭੋਜਨ, ਟੀਕਾਕਰਣ, ਰੋਗ ਕੰਟਰੋਲ, ਪ੍ਰਜਨਨ ਤਕਨੀਕ ਅਤੇ ਡਿਜੀਟਲ ਸੇਵਾਵਾਂ ਦੀ ਜਾਣਕਾਰੀ ਨਾਲ ਤੁਸੀਂ ਪਸ਼ੂਪਾਲਕ ਹੋਰ ਆਰਥਕ ਮਜਬੂਤ ਬਨਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਮੀਨ, ਜਲ੍ਹ ਅਤੇ ਹਵਾ ਨੂੰ ਪ੍ਰਦੂਸ਼ਿਤ ਹੋਣ ਦੀ ਸਾਰੀ ਸਮਸਿਆਵਾਂ ਦਾ ਹੱਲ ਕੁਦਰਤੀ ਖੇਤੀ ਹੈ। ਇਸ ਵਿੱਚ ਜਿਮੇਵਾਰਤਾ ਕੰਮ ਕੁਦਰਤ ਵੱਲੋਂ ਖੁਦ ਹੀ ਕੀਤਾ ਜਾਂਦਾ ਹੈ। ਸਰਕਾਰ ਨੇ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਲਈ ਸਾਲ 2022 ਵਿੱਚ ਕੁਦਰਤੀ ਖੇਤੀ ਯੋਜਨਾ ਸ਼ੁਰੂ ਕੀਤੀ ਸੀ। ਕੁਦਰਤੀ ਖੇਤੀ ਦੇ ਸ਼ੁਰੂ ਕੀਤੇ ਗਏ ਪੋਰਟਲ 'ਤੇ ਕਿਸਾਨ ਆਪਣਾ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਾਲ 2025-26 ਦੌਰਾਨ 1 ਲੱਖ ਏਕੜ ਖੇਤਰ ਵਿੱਚ ਕੁਦਰਤੀ ਖੇਤੀ ਕਰਨ ਦਾ ਟੀਚਾ ਨਿਰਧਾਰਿਤ ਕੀਤਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ 53 ਏਕੜ 4 ਕਨਾਲ ਭੂਮੀ 'ਤੇ ਕੁਦਰਤੀ ਖੇਤੀ ਕਰਨ ਦਾ ਫੈਸਲਾ ਕੀਤਾ ਹੈ। ਇਹ ਜਮੀਨ ਜਿਲ੍ਹਾ ਕੈਥਲ ਦੇ ਪਿੰਡ ਅੰਟੇਹੜੀ ਵਿੱਚ ਹੈ। ਇਸ ਨੂੰ ਪਾਇਲਟ ਪ੍ਰੋਜੈਕਟ ਵਜੋ ਲਾਗੂ ਕੀਤਾ ਜਾਵੇਗਾ। ਇਸ ਦੀ ਸਫਲਤਾ ਦੇ ਬਾਅਦ ਇਸ ਨੂੰ ਹੌਲੀ-ਹੌਲੀ ਵਧਾ ਕੇ ਪੂਰੇ ਸੂਬੇ ਵਿੱਚ ਲਾਗੂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕੁਦਰਤੀ ਖੇਤੀ ਅਪਨਾਉਣ ਲਈ ਸਿਖਲਾਈ ਪ੍ਰਦਾਨ ਕਰਨ ਲਈ ਇੱਥੇ ਕੁਰੂਕਸ਼ੇਤਰ ਵਿੱਚ ਹੀ ਗੁਰੂਕੁੱਲ, ਜੀਂਦ ਦੇ ਹਮੇਟੀ, ਸਿਰਸਾ ਦੇ ਮੰਗਿਆਨਾ ਅਤੇ ਕਰਨਾਲ ਦੇ ਘਰੌਂਡਾ ਵਿੱਚ ਸਿਖਲਾਈ ਕੇਂਦਰ ਸਥਾਪਿਤ ਕੀਤੇ ਹਨ। ਗੁਰੂਕੁੱਲ, ਕੁਰੂਕਸ਼ੇਤਰ ਦੇ ਸਿਖਲਾਈ ਕੇਂਦਰ ਵਿੱਚ ਪ੍ਰਗਤੀਸ਼ੀਲ ਕਿਸਾਨਾਂ ਨੂੰ ਸਿਖਲਾਈ ਦੇਣ ਲਈ ਰਾਜ ਸਲਾਹਕਾਰ ਦੀ ਵੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂਕੁੱਲ ਕੁਰੂਕਸ਼ੇਤਰ ਵਿੱਚ 180 ਏਕੜ ਭੂਮੀ ਵਿੱਚ ਫੈਲਿਆ ਕੁਦਰਤੀ ਖੇਤੀ ਫਾਰਮ ਹਰਿਆਣਾ ਵਿੱਚ ਕੁਦਰਤੀ ਖੇਤੀ ਨੂੰ ਮੁੜ ਜਿੰਦਾ ਬਨਾਉਣ ਦਾ ਇੱਕ ਅਨੋਖਾ ਉਦਾਹਰਣ ਹੈ। ਇਸ ਫਾਰਮ ਵਿੱਚ ਨਾ ਕੋਈ ਕੀਟਨਾਸ਼ਕ ਅਤੇ ਨਾ ਹੀ ਕੋਈ ਰਸਾਇਣਿਕ ਖਾਦ ਵਰਤੋਂ ਕੀਤੀ ਜਾਂਦੀ ਹੈ। ਸਿਰਫ ਗਾਂ ਦੇ ਗੋਬਰ ਅਤੇ ਗਮੂਤਰ ਨਾਲ ਤਿਆਰ ਜੀਵਾਮ੍ਰਤ ਅਤੇ ਘਨਾਮ੍ਰਤ ਤੇ ਬੀਜਾਮ੍ਰਤ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਖੇਤੀ ਦੀ ਇਹ ਪੱਦਤੀ ਛੋਟੇ ਬਜਟ 'ਤੇ ਅਧਾਰਿਤ ਹੈ। ਇੱਕ ਦੇਸੀ ਗਾਂ ਨਾਲ 30 ਏਕੜ ਵਿੱਚ ਕੁਦਰਤੀ ਖੇਤੀ ਕੀਤੀ ਜਾ ਸਕਦੀ ਹੈ। ਇਸ ਕੇਂਦਰ ਵਿੱਚ ਕਿਸਾਨਾਂ ਨੂੰ ਕੁਦਰਤੀ ਖੇਤੀ ਦੇ ਬਾਰੇ ਵਿੱਚ ਹਰ ਤਰ੍ਹਾ ਦੀ ਸਿਖਲਾਈ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਸ ਕੇਂਦਰ ਵਿੱਚ ਜੀਵਾਮ੍ਰਤ, ਘਨਾਮ੍ਰਤ, ਬੀਜਾਮ੍ਰਤ, ਨੀਮਾਮ੍ਰਤ, ਅਗਨੀਸਤਰ, ਬ੍ਰਹਾਸਤਰ ਆਦਿ ਬਨਾਉਣ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਹ ਕੁਦਰਤੀ ਖਾਦ ਅਤੇ ਕੀਟਨਾਸ਼ਕ ਕੁਦਰਤੀ ਖੇਤੀ ਦੇ ਆਧਾਰ ਥੰਮ੍ਹ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਆਪਣੀ ਮੁਰਰਾਹ ਨਾਲ ਦੀ ਮੱਝਾਂ ਦੇ ਲਈ ਵਿਖਿਆਤ ਹਨ। ਇਸ ਦੇ ਸਰੰਖਣ ਅਤੇ ਵਿਕਾਸ ਦੀ ਦਿਸ਼ਾ ਵਿੱਚ ਇਸ ਉੱਚ ਗੁਣਵੱਤਾ ਅਤੇ ਵੱਧ ਦੁੱਧ ਦੇਣ ਵਾਲੀ ਮੁਰਰਾਹ ਮੱਝਾਂ ਦੇ ਮਾਲਿਕਾਂ ਨੂੰ 40 ਹਜਾਰ ਰੁਪਏ ਤੱਕ ਦਾ ਨਗਦ ਪ੍ਰੋਤਸਾਹਨ ਦਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਪਸ਼ੂ ਖਰੀਦਣ ਲਈ ਅਤੇ ਉਨ੍ਹਾਂ ਦੇ ਪਾਲਣ ਲਈ ਪਸ਼ੂਧਨ ਕਿਸਾਨ ਕ੍ਰੇਡਿਟ ਕਾਰਡ ਪ੍ਰਦਾਨ ਕੀਤੇ ਜਾ ਰਹੇ ਹਨ। ਹੁਣ ਤੱਕ 2.20 ਲੱਖ ਪਸ਼ੂਧਨ ਕਿਸਾਨ ਕ੍ਰੇਡਿਟ ਕਾਰਡ ਬੈਂਕਾਂ ਵੱਲੋਂ ਮੰਜੂਰ ਕੀਤੇ ਗਏ ਹਨ। ਬੈਂਕਾਂ ਵੱਲੋਂ ਰਾਜ ਦੇ ਪਸ਼ੂਪਾਲਕਾਂ ਨੂੰ 3 ਹਜਾਰ 449 ਕਰੋੜ ਰੁਪਏ ਦੀ ਰਕਮ ਦਿੱਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਤਹਿਤ 35 ਹਜਾਰ ਤੋਂ ਵੱਧ ਪਸ਼ੂਧਨ ਇਕਾਈਆਂ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਦੁੱਧ ਉਤਪਾਦਕ ਪ੍ਰੋਤਸਾਹਨ ਯੋਜਨਾ ਤਹਿਤ ਸਹਿਕਾਰੀ ਦੁੱਧ ਉਤਪਾਦਕਾਂ ਨੂੰ 70 ਕਰੋੜ ਰੁਪਏ ਦੀ ਪ੍ਰੋਤਸਾਹਨ ਰਕਮ ਦਿੱਤੀ ਗਈ। ਇਸੀ ਤਰ੍ਹਾ ਛੋਟੇ ਕਿਸਾਨਾਂ ਅਤੇ ਗ੍ਰਾਮੀਣ ਖੇਤਰ ਦੇ ਨੌਜੁਆਨਾਂ ਲਈ ਹਾਈ ਟੇਕ ਤੇ ਮਿਨੀ ਡੇਅਰੀ ਸਕੀਮ ਚਲਾਈ ਜਾ ਰਹੀ ਹੈ।

# ਮੁੱਖ ਮੰਤਰੀ ਨੇ ਸੂਰਜਕੁੰਡ ਕੌਮਾਂਤਰੀ ਹਸਤਸ਼ਿਲਪ ਮੇਲੇ ਵਿੱਚ ਹੋਏ ਹਾਦਸੇ 'ਤੇ ਲਿਆ ਸੰਗਿਆਨ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਸ਼ਹੀਦ ਇੰਸਪੈਕਟਰ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ, ਜਖਮੀਆਂ ਨੂੰ ਇੱਕ-ਇੱਕ ਲੱਖ ਰੁਪਏ ਦੀ ਆਰਥਕ ਸਹਾਇਤਾ ਦਿੱਤੀ ਜਾਵੇਗੀ ਅਤੇ ਜਖਮੀਆਂ ਦਾ ਚੰਗੇ ਹਸਪਤਾਲ ਵਿੱਚ ਇਲਾਜ ਕਰਵਾਇਆ ਜਾਵੇਗਾ ਅਤੇ ਇਸ ਦਾ ਖਰਚ ਸਰਕਾਰ ਵੱਲੋਂ ਭੁਗਤਾਨ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਫਰੀਦਾਬਾਦ ਦੇ ਸੂਰਜਕੁੰਡ ਕੌਮਾਂਤਰੀ ਹਸਤਸ਼ਿਲਪ ਮੇਲੇ ਵਿੱਚ ਝੂਲਾ ਟੁੱਟਣ ਨਾਲ ਹੋਏ ਦੁਖਦ ਹਾਦਸੇ ਤੇ ਸੋਗ ਵਿਅਕਤ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੂਰਜਕੁੰਡ ਮੇਲੇ ਵਿੱਚ ਹੋਈ ਦੁਰਘਟਨਾ ਬਹੁਤ ਪੀੜਾਦਾਇਕ ਹੈ। ਹਾਦਸੇ ਵਿੱਚ ਸ਼ਹੀਦ ਹੋਏ ਪੁਲਿਸ ਕਰਮਚਾਰੀ ਇੰਸਪੈਕਟਰ ਜਗਦੀਸ਼ ਪ੍ਰਸਾਦ ਦੇ ਪ੍ਰਤੀ ਆਪਣਾ ਸੰਵੇਦਨਾਵਾਂ ਵਿਅਕਤ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਸ਼ਹੀਦ ਦੇ ਪਰਿਵਾਰ ਦੇ ਨਾਲ ਮਜਬੂਤੀ ਨਾਲ ਖੜੀ ਹੈ। ਸ਼ਹੀਦ ਇੰਸਪੈਕਟਰ ਜਗਦੀਸ਼ ਪ੍ਰਸਾਦ ਦੀ ਤੈਨਾਤੀ ਪਲਵਲ ਦੇ ਥਾਨਾ ਚਾਂਦਹਟ ਵਿੱਚ ਸੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸ਼ਹੀਦ ਪੁਲਿਸਕਰਮਚਾਰੀ ਦੇ ਪਰਿਵਾਰ ਨੂੰ ਹਰਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਸੁਪਰੀਮ ਹਸਪਤਾਲ ਵਿੱਚ ਭਰਤੀ 8 ਜਖਮੀਆਂ ਵਿੱਚੋਂ 4 ਮਰੀਜਾਂ ਨੂੰ ਉਪਚਾਰ ਦੇ ਬਾਅਦ ਡਿਸਚਾਰਜ ਕੀਤਾ ਜਾ ਚੁੱਕਾ ਹੈ, ਜਦੋਂ ਕਿ ਬਾਕੀ 4 ਦਾ ਇਲਾਜ ਜਾਰੀ ਹੈ ਅਤੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਨਿਗਰਾਨੀ ਕਰ ਰਹੀ ਹੈ। ਇਸ ਤੋਂ ਇਲਾਵਾ ਬੀਕੇ ਸਿਵਲ ਹਸਪਤਾਲ ਵਿੱਚ ਭਰਤੀ 4 ਜਖਮੀਆਂ ਨੂੰ ਵੀ ਇਲਾਜ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੁੜ ਅਜਿਹੀ ਘਟਨਾ ਨਾ ਹੋਵੇ।

# ਲੱਕੀ ਡਰਾਅ ਵਿੱਚ ਕਰਨਾਲ ਦੇ ਪਿੰਡ ਖੇੜਾ ਨਿਵਾਸੀ ਧਰਮ ਸਿੰਘ ਨੇ ਜਿੱਤੀ ਬੁਲੇਟ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਪਸ਼ੂਪਾਲਣ ਵਿਭਾਗ ਦੇ ਉੱਪਨਿਦੇਸ਼ਕ ਡਾ. ਅਨਿਲ ਬਨਵਾਲਾ ਨੇ ਕਿਹਾ ਕਿ ਕੁਰੂਕਸ਼ੇਤਰ ਵਿੱਚ ਸਪੰਨ ਹੋਈ ਤਿੰਨ ਦਿਨਾਂ ਦੇ 41ਵੀਂ ਰਾਜ ਪੱਧਰੀ ਪਸ਼ੂਧਨ ਪ੍ਰਦਰਸ਼ਨੀ ਵਿੱਚ ਰੋਜ਼ਾਨਾ ਰਜਿਸਟ੍ਰੇਸ਼ਣ ਕਰਵਾਉਣ ਵਾਲੇ ਪਸ਼ੂਪਾਲਕਾਂ ਅਤੇ ਕਿਸਾਨਾਂ ਲਈ ਵਿਭਾਗ ਵੱਲੋਂ ਲੱਕੀ ਡਰਾਅ ਰਾਹੀਂ ਪੁਰਸਕਾਰ ਦੇਣ ਦੀ ਯੋਜਨਾ ਤਿਆਰ ਕੀਤੀ ਗਈ ਸੀ, ਜਿਸ ਵਿੱਚ ਕਰਨਾਲ ਦੇ ਪਿੰਡ ਖੇੜਾ ਨਿਵਾਸੀ ਧਰਮ ਸਿੰਘ ਨੇ ਬੁਲੇਟ ਜਿੱਤੀ ਹੈ।ਉਨ੍ਹਾਂ ਨੇ ਕਿਹਾ ਕਿ ਕਰਨਾਲ ਦੇ ਪਿੰਡ ਜਾਨੀ ਨਿਵਾਸੀ ਰਾਮਪਾਲ, ਕੁਰੂਕਸ਼ੇਤਰ ਦੇ ਪਿੰਡ ਦੂੜਾ ਨਿਵਾਸੀ ਰਣਦੀਪ ਸਿੰਘ ਤੇ ਪਾਲਾ ਰਾਮ ਦੀ ਡਰਾਅ ਵਿੱਚ ਮਿਲਕਿੰਗ ਮਸ਼ੀਨ ਕੱਢੀ ਹੈ।

ਕੁਰੂਕਸ਼ੇਤਰ ਦੇ ਪਿੰਡ ਬਰੋਟ ਨਿਵਾਸੀ ਕ੍ਰਿਸ਼ਣ ਕੁਮਾਰ, ਕਰਨਾਲ ਦੇ ਪਿੰਡ ਡਿੰਗਰ ਮਾਜਰਾ ਨਿਵਾਸੀ ਦੇਵੀ ਸਿੰਘ, ਕੁਰੂਕਸ਼ੇਤਰ ਨਿਵਾਸੀ ਵਰਿੰਦਾ ਸ਼ਰਮਾ, ਪ੍ਰਦੀਪ ਰਾਵਲ, ਪਸ਼ੂਧਨ ਪ੍ਰਦਰਸ਼ਨੀ ਵਿੱਚ ਰੋਜ਼ਾਨਾ ਰਜਿਸਟ੍ਰੇਸ਼ਣ ਕਰਵਾਉਣ ਵਾਲੇ ਪਸ਼ੂਪਾਲਕਾਂ ਅਤੇ ਕਿਸਾਨਾਂ ਲਈ ਵਿਭਾਗ ਵੱਲੋਂ ਲੱਕੀ ਡਰਾਅ ਰਾਹੀਂ ਪੁਰਸਕਾਰ ਦੇਣ ਦੀ ਯੋਜਨਾ ਤਿਆਰ ਕੀਤੀ ਗਈ ਸੀ,ਪੰਕਜ, ਜੀਂਦ ਦੇ ਪਿੰਡ ਪਲਵਾ ਨਿਵਾਸੀ ਕ੍ਰਿਸ਼ਣ ਦਾ ਲੱਕੀ ਡਰਾਅ ਵਿੱਚ ਮਦਾਨੀ ਕੱਢਿਆ ਹੈ। ਇੰਨ੍ਹਾ ਜੇਤੂਆਂ ਨੂੰ ਮਹਾਨਿਦੇਸ਼ਕ ਡਾ. ਪ੍ਰੇਮ ਸਿੰਘ ਨੇ ਮੌਕੇ ਤੇ ਹੀ ਸਨਮਾਨਿਤ ਕੀਤਾ ਗਿਆ ਹੈ।

# ਜਿਲ੍ਹੇ ਅੰਦਰ ਵੱਡੇ ਪੱਧਰ ਤੇ ਚਲਾਇਆ ਗਿਆ ਆਪਰੇਸ਼ਨ ਪ੍ਰਹਾਰ-2



**ਜੈਤੋਂ,11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਸੁਰੱਖਿਅਤ ਅਤੇ ਅਪਰਾਧ-ਮੁਕਤ ਬਣਾਏ ਰੱਖਣ ਦੀ ਮੁਹਿੰਮ ਤਹਿਤ, ਸ਼੍ਰੀ ਗੌਰਵ ਯਾਦਵ ਡੀ.ਜੀ.ਪੀ ਪੰਜਾਬ ਜੀ ਦੇ ਹੁਕਮਾਂ ਅਨੁਸਾਰ ਮਾੜੇ ਅਨਸਰਾਂ ਖ਼ਿਲਾਫ਼ ਇੱਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਦੇ ਹਿੱਸੇ ਵਜੋਂ, ਅੱਜ ਫਰੀਦਕੋਟ ਜਿਲ੍ਹੇ ਹੇਠ ਆਪਰੇਸ਼ਨ ਪ੍ਰਹਾਰ-2 ਦੀ ਸੁਰੂਆਤ ਕੀਤੀ ਗਈ। ਜਿਸ ਦੀ ਸੁਪਰਵੀਜਨ ਸ਼੍ਰੀ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਡੀ ਕ੍ਰਾਈਮ ਵੱਲੋ ਕੀਤੀ ਗਈ। ਇਸ ਦੌਰਾਨ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਉਹਨਾ ਨਾਲ ਮੌਜੂਦ ਰਹੇ। ਜਿਸ ਦੌਰਾਨ ਸੰਗਠਿਤ ਅਪਰਾਧ ਦੇ ਖ਼ਿਲਾਫ਼ ਜਿਲ੍ਹੇ ਅੰਦਰ ਅੱਜ ਸਵੇਰੇ ਤੋ ਇੱਕ ਸੁਚੱਜੀ ਯੋਜਨਾ ਅਧੀਨ ਵੱਡੇ ਪੱਧਰ ਦੀ ਕਾਰਵਾਈ ਕਰਦਿਆਂ ਜਿਲ੍ਹੇ ਅੰਦਰ ਸਰਗਰਮ ਸੰਗਠਿਤ ਅਪਰਾਧਕ ਨੈੱਟਵਰਕਾਂ ਨੂੰ ਤੋੜਨ ਲਈ ਛਾਪੇਮਾਰੀ ਕੀਤੀ ਗਈ। ਇਹ ਕਾਰਵਾਈ ਪੂਰੀ ਤਰ੍ਹਾਂ ਸਹਿ-ਸੰਯੋਜਿਤ ਅਤੇ ਯੋਜਨਾਬੱਧ ਸੀ, ਜਿਸ ਦਾ ਉਦੇਸ਼ ਅਪਰਾਧਕ ਗਿਰੋਹਾਂ ਦੇ ਜਾਲ ਨੂੰ ਤੋੜਨਾ, ਜਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਰਾਜ ਵਿੱਚ ਸ਼ਾਂਤੀ ਅਤੇ ਸਥਿਰਤਾ ਕਾਇਮ ਰੱਖਣਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਡੀ ਕ੍ਰਾਈਮ ਨੇ ਦੱਸਿਆ ਕਿ ਇਹ ਕਾਰਵਾਈ ਸੰਗਠਿਤ ਅਪਰਾਧ ਦੇ ਖ਼ਿਲਾਫ਼ ਚੱਲ ਰਹੀ ਰਾਜ-ਪੱਧਰੀ ਮੁਹਿੰਮ ਦਾ ਹਿੱਸਾ ਹੈ, ਜੋ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ, ਸ਼੍ਰੀ ਗੌਰਵ ਯਾਦਵ, ਆਈ.ਪੀ.ਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ੁਰੂ ਕੀਤੀ ਗਈ ਹੈ।

ਉਹਨਾ ਦੱਸਿਆ ਕਿ ਫਰੀਦਕੋਟ ਪੁਲਿਸ ਦੇ ਸਾਰੇ ਯੂਨਿਟਾਂ ਤੋਂ ਬਣੀਆਂ 67 ਪੁਲਿਸ ਟੀਮਾਂ ਜਿਹਨਾ ਵਿੱਚ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ 500 ਦੇ ਕਰੀਬ ਪੁਲਿਸ ਕਰਮਚਾਰੀਆ ਵੱਲੋ ਇੱਕੋ ਸਮੇਂ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ ਅਤੇ ਉਨ੍ਹਾਂ ਨੂੰ ਪਨਾਹ ਜਾਂ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਦੇ ਠਿਕਾਣਿਆਂ 'ਤੇ ਨਿਸ਼ਾਨਾਬੱਧ ਛਾਪੇਮਾਰੀ ਕੀਤੀ ਜਾ ਰਹੀ ਹੈ ਉਹਨਾ ਦੱਸਿਆ ਕਿ ਇਸ ਆਪਰੇਸ਼ਨ ਦੌਰਾਨ ਹਾਰਡਕੋਰ ਅਪਰਾਧੀਆਂ, ਉਨ੍ਹਾਂ ਦੇ ਸਾਥੀਆਂ ਨੂੰ ਰਾਊਂਡ-ਅੱਪ ਕੀਤਾ ਜਾ ਰਿਹਾ ਹੈ, ਇਸਦੇ ਨਾਲ ਹੀ ਹੋਰਾਂ ਪਾਸੋ ਪੁੱਛਗਿੱਛ ਕਰਕੇ ਉਨ੍ਹਾਂ ਦੀਆਂ ਗਤਿਵਿਧੀਆਂ ਦੀ ਜਾਂਚ ਅਤੇ ਤਸਦੀਕ ਵੀ ਕੀਤੀ ਜਾ ਰਹੀ ਹੈ।ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋ ਇਸ ਸਬੰਧੀ ਕਿਹਾ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਖੁਫੀਆ ਜਾਣਕਾਰੀ 'ਤੇ ਆਧਾਰਿਤ ਹੈ ਅਤੇ ਇਸ ਦਾ ਮੁੱਖ ਮਕਸਦ ਸੰਗਠਿਤ ਅਪਰਾਧਕ ਗਿਰੋਹਾਂ ਦੀ ਕਾਰਜਸ਼ੀਲ ਢਾਂਚੇ ਨੂੰ ਤੋੜਨਾ ਹੈ। ਇਸ ਦੇ ਨਾਲ ਹੀ ਅਪਰਾਧਿਕ ਅਨਸਰਾ ਨੂੰ ਰਾਊਡ ਅੱਪ ਕਰਨ ਦੇ ਨਾਲ-ਨਾਲ ਜਿਲ੍ਹੇ ਅੰਦਰ ਮੌਜੂਦ ਹੋਟਲਾ, ਸਰਾਵਾ ਅਤੇ ਹੋਰ ਅਹਿਮ ਸਥਾਨਾ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ।

# ਸਿਖਿਆ ਪ੍ਰਗਤੀ ਅਤੇ ਵਿਕਾਸ ਦਾ ਸੱਭ ਤੋਂ ਮਜਬੂਤ ਸਰੋਤ : ਰਣਬੀਰ ਗੰਗਵਾ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਲੋਕਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਸਿਖਿਆ ਸਮਾਜ, ਸੂਬਾ ਅਤੇ ਰਾਸ਼ਟਰ ਦੀ ਪ੍ਰਗਤੀ ਦਾ ਸੱਭ ਤੋਂ ਮਜਬੂਤ ਸਰੋਤ ਹੈ।

ਸ੍ਰੀ ਗੰਗਵਾ ਅੱਜ ਹਿਸਾਰ ਦੇ ਪਿੰਡ ਗੰਗਵਾ ਸਥਿਤ ਪੀਐਮਸ਼੍ਰੀ ਸੀਨੀਅਰ ਸੈਕੇਂਡਰੀ ਸਕੂਲ ਵਿੱਚ ਆਯੋਜਿਤ ਸਾਲਾਨਾ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਮੁਕਾਬਲੇਬਾਜੀ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਿਰਫ ਕਿਤਾਬੀ ਗਿਆਨ ਤੱਕ ਸੀਮਤ ਨਾ ਰਹਿ ਕੇ ਨੌਤਿਕ ਮੁੱਲਾਂ, ਅਨੁਸਾਸ਼ਨ ਅਤੇ ਸੰਸਕਾਰਾਂ ਨੂੰ ਵੀ ਆਪਣੇ ਜੀਵਨ ਵਿੱਚ ਅਤਮਸਾਤ ਕਰਨਾ ਚਾਹੀਦਾ ਹੈ।

ਪ੍ਰੋਗਰਾਮ ਸਥਾਨ 'ਤੇ ਪਹੁੰਚਣ 'ਤੇ ਸਕੂਲ ਪ੍ਰਬੰਧਨ ਕਮੇਟੀ, ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨ ਦਾ ਫੁੱਲ-ਮਾਲਾਵਾਂ ਨਾਲ ਸਵਾਗਤ ਕੀਤਾ। ਕੈਬਨਿਟ ਮੰਤਰੀ ਨੇ ਵਿਦਿਆਰਥੀਆਂ ਤੋਂ ਟੀਚਾ ਨਿਰਧਾਰਿਤ ਕਰ ਸਖਤ ਮਿਹਨਤ, ਲਗਨ ਅਤੇ ਆਤਮਵਿਸ਼ਵਾਸ ਦੇ ਨਾਲ ਅੱਗੇ ਵੱਧਣ ਦੀ ਅਪੀਲ ਕੀਤੀ। ਉਨ੍ਹਾਂ ਨੇ ਵਿਦਿਅਕ, ਖੇਡਕੂਦ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਪ੍ਰਤੀਭਾਸ਼ਾਲੀ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਕਿਹਾ ਕਿ ਪ੍ਰਤਿਭਾਵਾਨ ਵਿਦਿਆਰਥੀਆਂ ਦਾ ਸਨਮਾਨ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਸਰੋਤ ਬਣਦਾ ਹੈ, ਜਿਸ ਨਾਲ ਉਨ੍ਹਾਂ ਵਿੱਚ ਅੱਗੇ ਵੱਧਣ ਦੀ ਨਵੀਂ ਉਰਜਾ ਦਾ ਸੰਚਾਰ ਹੁੰਦਾ ਹੈ। ਕੈਬਨਿਟ ਮੰਤਰੀ ਨੇ ਵਿਦਿਆਰਥੀਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕਰਦੇ ਹੋਏ ਅਧਿਆਪਕਾਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ।

ਉਨ੍ਹਾਂ ਨੇ ਸਕੂਲ ਪਰਿਸਰ ਵਿੱਚ ਓਡੀਟੋਰਿਅਮ ਦੇ ਨਿਰਮਾਣ ਅਤੇ ਕਲਾਸਾਂ ਵਿੱਚ ਡਿਜੀਟਲ ਬੋਰਡ ਲਗਵਾਉਣ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਸਕੂਲ ਨਾਲ ਸਬੰਧਿਤ ਜੋ ਵੀ ਕੰਮ ਹੋਣਗੇ ਉਨ੍ਹਾਂ ਨੂੰ ਪ੍ਰਾਥਮਿਕਤਾ ਆਧਾਰ 'ਤੇ ਪੂਰਾ ਕਰਵਾਇਆ ਜਾਵੇ।

ਪ੍ਰੋਗਰਾਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਤਰ੍ਹਾ ਦੇ ਆਯੋਜਨ ਵਿਦਿਆਰਥੀਆਂ ਦੇ ਸਮੂਚੇ ਵਿਕਾਸ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਉਂਦੇ ਹਨ ਅਤੇ ਉਨ੍ਹਾਂ ਵਿੱਚ ਲੁਕੀ ਪ੍ਰਤਿਭਾ ਨੂੰ ਨਿਖਾਰਣ ਦਾ ਮੌਕਾ ਪ੍ਰਦਾਨ ਕਰਦੇ ਹਨ।

ਸਾਲਾਨਾ ਸਮਾਰੋਹ ਦੇ ਬਾਅਦ ਕੈਬਨਿਟ ਮੰਤਰੀ ਸ੍ਰੀ ਗੰਗਵਾ ਨੇ ਸਕੂਲ ਪਰਿਸਰ ਵਿੱਚ ਗ੍ਰਾਮੀਣਾਂ ਅਤੇ ਸਥਾਨਕ ਨਾਗਰਿਕਾਂ ਨਾਲ ਸੰਵਾਦ ਕਰ ਉਨ੍ਹਾਂ ਦੀ ਸਮਸਿਆਵਾਂ ਸੁਣੀਆਂ।

ਉਨ੍ਹਾਂ ਨੇ ਪੇਯਜਲ, ਸੜਕ, ਸਿਖਿਆ, ਸਿਹਤ ਸਮੇਤ ਵੱਖ-ਵੱਖ ਜਨਸਮਸਿਆਵਾਂ 'ਤੇ ਅਧਿਕਾਰੀਆਂ ਨਾਲ ਚਰਚਾ ਕਰਦੇ ਹੋਏ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਸਿਆਵਾਂ ਦੇ ਜਲਦੀ ਅਤੇ ਪ੍ਰਾਥਮਿਕਤਾ ਦੇ ਆਧਾਰ 'ਤੇ ਹੱਲ ਲਈ ਜਰੂਰੀ ਹਿਦਾਇਦਾਂ ਦਿੱਤੀਆਂ।

# ਸਰਕਾਰੀ ਨਸ਼ਾ ਛੁਡਾਉ ਕੇਂਦਰ ਇਲਾਜ ਕਰਵਾਉਣ ਲਈ ਕਰ ਹਨ ਪ੍ਰੇਰਿਤ: ਗੁਰਮੀਤ ਸਿੰਘ




**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝ ਕੇਂਦਰ ਸਦਰ ਪਟਿਆਲਾ ਵੱਲੋਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਦੇ ਸਹਿਯੋਗ ਨਾਲ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਡਵੀਜ਼ਨ ਪੰਜਾਬ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ -ਜਿਲਾ ਕਾਮਊਨਿਟੀ ਅਫਸਰ ਵੈਭਵ ਚੋਧਰੀ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਦੀ ਸਰਪ੍ਰਸਤੀ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ ਵੱਖ ਪਿੰਡਾਂ, ਸਕੂਲਾਂ, ਕਾਲਜਾਂ ਵਿੱਚ ਕਰਵਾਏ ਜਾਣ ਵਾਲੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਮੀਟਿੰਗ ਦਾ ਆਯੋਜਨ ਸਾਂਝ ਕੇਂਦਰ ਸਦਰ ਪਟਿਆਲਾ ਵਿਖੇ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਐਸ ਐਚ ਓ ਥਾਣਾ ਸਦਰ ਪਟਿਆਲਾ ਐਸ ਆਈ ਗੁਰਮੀਤ ਸਿੰਘ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਨੇ ਕੀਤੀ। ਇਸ ਮੌਕੇ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ ।ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ,ਸਾਂਝ ਕੇਂਦਰ ਮੈਬਰ ਐਚ ਐਸ ਕਰੀਰ, ਉਪਕਾਰ ਸਿੰਘ, ਦਲਬੀਰ ਸਿੰਘ ਕਨੇਡਾ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ ਐਚ ਓ ਥਾਣਾ ਸਦਰ ਪਟਿਆਲਾ ਗੁਰਮੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਦੀ ਅਗਵਾਈ ਹੇਠ ਨਸ਼ਿਆਂ ਨੂੰ ਪੰਜਾਬ ਵਿਚੋਂ ਜੜੋਂ ਖਤਮ ਕਰਨ ਲਈ ਵਚਨਬੱਧ ਹੈ।ਉਹਨਾਂ ਕਿਹਾ ਕਿ ਅੱਜ ਕਈ ਨੋਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ, ਇਸ ਲਈ ਉਹਨਾਂ ਨੂੰ ਸਾਂਝ ਕੇਂਦਰਾਂ ਵੱਲੋਂ ਨਸ਼ਿਆਂ ਤੋਂ ਬਹਾਰ ਕੱਢਣ ਲਈ ਉਹਨਾਂ ਦੀ ਕੋਸਲਿੰਗ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਕੇ ਉਹਨਾਂ ਦਾ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੇ ਨੋਜਵਾਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਪੰਜਾਬ ਵਿੱਚ ਬਿਜਲੀ ਦਾ ਇਤਿਹਾਸ

## 110 ਸਾਲ ਪਹਿਲਾਂ ਅੰਮ੍ਰਿਤਸਰ ਦੇ ਡੀਸੀ ਨੂੰ ਜਾਰੀ ਹੋਇਆ ਪਹਿਲਾ ਬਿਜਲੀ ਕੁਨੈਕਸ਼ਨ



ਮਨਮੋਹਨ ਸਿੰਘ
ਲੋਕ ਸੰਪਰਕ ਸਲਾਹਕਾਰ
ਉਪ ਸਕੱਤਰ ਲੋਕ ਸੰਪਰਕ (ਸੇਵਾ ਮੁਕਤ) ਪਾਵਰਕਾਮ,ਪਟਿਆਲਾ

ਭਾਰਤ ਵਿੱਚ ਲਗਭਗ 127 ਸਾਲ ਪਹਿਲਾਂ ਸੰਨ 1899 ਵਿੱਚ ਬਿਜਲੀ ਦਾ ਵਪਾਰਕ ਤੌਰ ਤੇ ਪੈਦਾਵਾਰ ਸ਼ੁਰੂ ਹੋ ਗਿਆ ਸੀ। ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਪੰਜਾਬ ਵਿੱਚ ਪੂਰੇ 110 ਸਾਲ ਪਹਿਲਾਂ 8 ਫਰਵਰੀ ਸੰਨ 1916 ਨੂੰ ਬਿਜਲੀ ਦਾ ਪਹਿਲਾਂ ਕੁਨੈਕਸ਼ਨ ਜਾਰੀ ਕੀਤਾ ਗਿਆ ਸੀ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਸੰਚਾਲਨ ਸ਼ਹਿਰੀ

ਇੰਜੀਨੀਅਰ ਇੰਜੀ:ਗੁਰਸ਼ਰਨ ਸਿੰਘ ਖਹਿਰਾ ਅਨੁਸਾਰ ਅੰਮ੍ਰਿਤਸਰ ਦੇ ਹਾਲ ਗੇਟ ਦੇ ਸਭ ਤੋਂ ਪੁਰਾਣੇ ਬਿਜਲੀ ਵਿਭਾਗ ਦੇ ਸਭ ਤੋਂ ਪੁਰਾਣੇ ਦਫਤਰ ਵੱਲੋਂ ਲੱਭੇ ਗਏ ਦਸਤਾਵੇਜਾਂ ਤੋਂ ਇਹ ਪਤਾ ਲੱਗਦਾ ਹੈ ਕਿ ਪਹਿਲਾ ਬਿਜਲੀ ਕਨੈਕਸ਼ਨ ਮੁੱਖ ਇਲੈਕਟ੍ਰੀਕਲ ਇੰਜੀਨੀਅਰ ਐਚ.ਸੀ.ਗ੍ਰੀਨਵੁਡ ਵੱਲੋਂ ਪ੍ਰਵਾਨ ਕੀਤਾ ਗਿਆ ਸੀ।

11 ਦਸੰਬਰ, ਸੰਨ 1915 ਨੂੰ ਮਿਊਂਸਪਲ ਇਲੈਕਟ੍ਰੀਸਿਟੀ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਲਈ ਪਹਿਲਾਂ ਬਿਜਲੀ ਕੁਨੈਕਸ਼ਨ ਲਗਾਉਣ ਲਈ ਬੇਨਤੀ ਪੱਤਰ ਦਿੱਤਾ ਗਿਆ ਸੀ ।ਸੀ.ਐਮ. ਕਿੰਗ ਵੱਲੋਂ ਉਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਨ ।ਬਿਜਲੀ ਕੁਨੈਕਸ਼ਨ ਜਾਰੀ ਕਰਨ ਲਈ ਬੇਨਤੀ ਤੇ ਵਰਕ ਆਰਡਰ ਨੰਬਰ ਇੱਕ ਮਿਤੀ 8 ਫਰਵਰੀ,1916 ਰਾਹੀਂ ਪਹਿਲਾ ਬਿਜਲੀ ਕੁਨੈਕਸ਼ਨ ਜਾਰੀ ਕੀਤਾ ਗਿਆ ਅਤੇ ਬਿਜਲੀ ਬਿਨੈਕਾਰ ਨੂੰ ਬਿਜਲੀ ਕੁਨੈਕਸ਼ਨ ਜਾਰੀ ਕਰਨ ਲਈ 55 ਰੁਪਏ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਸੀ।

ਪਾਵਰਕਾਮ ਦੇ ਦੱਖਣ ਸੰਚਾਲਣ ਜੋਨ ਦੇ ਮੁੱਖ ਇੰਜੀਨੀਅਰ ਇੰਜੀ: ਰਤਨ ਮਿੱਤਲ ਅਨੁਸਾਰ ਸ੍ਰੀਮਤੀ ਸਰਿਤਾ ਪਾਵਰਕਾਮ ? ਇਕ ਕਰੋੜਵੇਂ ਬਿਜਲੀ ਤੋਂ ਘਰੇਲੂ ਕੁਨੈਕਸ਼ਨ ਲਿਆ, ਜਿਨ੍ਹਾਂ ਨੂੰ 31 ਜੁਲਾਈ 2021 ਨੂੰ ਬਿਜਲੀ ਖਪਤ ਦਾ ਬਿਲ ਜਾਰੀ ਕੀਤਾ ਗਿਆ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਰਿਕਾਰਡ ਅਨੁਸਾਰ ਸੰਨ 1917 ਵਿੱਚ ਬਿਜਲੀ ਦੀਆਂ ਦਰਾਂ ਅੱਠ ਆਨਾ ਪ੍ਰਤੀ ਯੂਨਿਟ ਸਨ ਅਤੇ ਇਸ ਵਿੱਚ 25 ਫੀਸਦੀ ਦੀ ਛੋਟ ਦਿੱਤੀ ਗਈ ਸੀ ।ਅੱਪਰ ਬਾਰੀ ਦੁਆਬ ਨਹਿਰ ਦੀ ਜਗ੍ਹਾ ,ਜਿਸ ਤੇ 1915 ਵਿੱਚ ਸ਼ਹਿਰ ਲਈ ਬਿਜਲੀ ਪੈਦਾ ਕਰਨ ਲਈ ਟਰਬਾਈਨਾਂ ਲਗਾਈਆਂ ਗਈਆਂ ਸਨ ,ਨੂੰ ਹਿਰਦੇ ਪ੍ਰੋਜੈਕਟ ਤਹਿਤ ਸੁਰੱਖਿਅਤ ਰੱਖਿਆ ਗਿਆ ।ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ 1995 ਚ ਨਗਰ ਕੌਂਸਲ ਨਗਰਪਾਲਿਕਾ ਬਿਜਲੀ ਵਿਭਾਗ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ ਇਹ ਕਾਫੀ ਲੰਬਾ ਸਫਰ ਤੈ ਕਰ ਚੁੱਕਾ ਹੈ।

ਇਸ ਸਮੇਂ ਪਾਵਰਕਾਮ ? ਇਕ ਕਰੋੜ ਸਤ ਲੱਖ ਦੇ ਲਗਭਗ ਵੱਖ-ਵੱਖ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ ਦੇ ਅਹਾਤਿਆਂ ਨੂੰ ਰੋਸ਼ਨਾ ਰਿਹਾ ਹੈ, ਜਿਨ੍ਹਾਂ ਵਿੱਚ 79.28 ਲੱਖ ਘਰੇਲੂ ਕੁਨੈਕਸ਼ਨ,12.57 ਲੱਖ ਵਣਜ ਕੁਨੈਕਸ਼ਨ, 13.91 ਲੱਖ ਖੇਤੀ ਕੁਨੈਕਸ਼ਨ, 1.57 ਸਨਅਤੀ ਕੁਨੈਕਸ਼ਨ

# ਕੇਐਮਪੀ ਐਕਸਪ੍ਰੈਸ-ਵੇ ਬਣੇਗਾ ਹਰਿਆਣਾ ਦੀ ਉਦਯੋਗਿਕ ਕ੍ਰਾਂਤੀ ਦੀ ਰੀੜ ਦੀ ਹੱਡੀ : ਰਾਓ ਨਰਬੀਰ ਸਿੰਘ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਲਗਭਗ 135 ਕਿਲੋਮੀਟਰ ਲੰਬਾ ਕੁੰਡਲੀ-ਮਾਨੇਸਰ-ਪਲਵਲ (ਕੇਐਮਪੀ) ਐਕਸਪ੍ਰੈਸ-ਵੇ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐਚਐਸਆਈਆਈਡੀਸੀ) ਦੀ ਇੱਕ ਬਹੁਤ ਮਹਤੱਵਪੂਰਣ ਸੰਪਤੀ ਹੈ। ਸਾਲ 2031 ਦੀ ਸੰਭਾਵਿਤ ਆਬਾਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਇਸ ਦੇ ਦੋਨੋਂ ਪਾਸੇ 5 ਨਵੇਂ ਸ਼ਹਿਰ ਵਿਕਸਿਤ ਕਰਨ ਦੇ ਉਦੇਸ਼ ਨਾਲ ਪੰਚਗ੍ਰਾਮ ਵਿਕਾਸ ਅਥਾਰਿਟੀ ਦਾ ਗਠਨ ਕੀਤਾ ਹੈ। ਉਦਯੋਗ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਕਸਿਤ ਭਾਰਤ-2047 ਵਿਜਨ ਨੂੰ ਸਾਕਾਰ ਕਰਨ ਵਿੱਚ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਦੀ ਭੂਮਿਕਾ ਅਹਿਮ ਹੈ ਅਤੇ ਕੇਐਮਪੀ ਐਕਸਪ੍ਰੈਸ-ਵੇ ਇਸ ਦਿਸ਼ਾ ਵਿੱਚ ਇੱਕ ਮਜਬੂਤ ਆਧਾਰ ਪ੍ਰਦਾਨ ਕਰੇਗਾ

# ਭਗਵੰਤ ਮਾਨ ਸਰਕਾਰ ਕਿਫ਼ਾਇਤੀ ਦਰਾਂ 'ਤੇ ਪਸ਼ੂਧਨ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਖੋਲ੍ਹੇਗੀ 'ਬਲੂ ਕਰਾਸ' ਸਟੋਰ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਛੇ ਜ਼ਿਲ੍ਹਿਆਂ ਵਿੱਚ 'ਬਲੂ ਕਰਾਸ' ਵੈਟਰਨਰੀ ਮੈਡੀਸਨ ਸਟੋਰ ਖੋਲ੍ਹਣ ਜਾ ਰਹੀ ਹੈ ਜਿਸਦਾ ਉਦੇਸ਼ ਉੱਨਤ ਪਸ਼ੂ ਸਿਹਤ ਸੰਭਾਲ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਬਣਾਉਣਾ ਹੈ।

ਇਸ ਪ੍ਰਾਜੈਕਟ ਸਬੰਧੀ ਵੇਰਵੇ ਸਾਂਝੇ ਕਰਦਿਆਂ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਕਦਮ ਕਿਸਾਨਾਂ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਣ ਦੇ ਨਾਲ-ਨਾਲ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਪਸ਼ੂ ਪਾਲਣ ਸੈਕਟਰ ਨੂੰ ਵੱਡਾ ਹੁਲਾਰਾ ਦੇਵੇਗਾ।

ਇਸ ਯੋਜਨਾ ਦੀ ਰੂਪ-ਰੇਖਾ ਬਾਰੇ ਦੱਸਦਿਆਂ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪਸ਼ੂ ਪਾਲਕਾਂ ਨੂੰ 'ਬਲੂ ਕਰਾਸ' ਸਟੋਰਾਂ 'ਤੇ ਸਾਰੀਆਂ ਜੈਨਰਿਕ ਵੈਟਰਨਰੀ ਦਵਾਈਆਂ 'ਤੇ 30 ਪ੍ਰਤੀਸ਼ਤ ਦੀ ਛੋਟ ਅਤੇ ਬ੍ਰਾਂਡਿਡ ਦਵਾਈਆਂ 'ਤੇ 20 ਪ੍ਰਤੀਸ਼ਤ ਦੀ ਛੋਟ ਮਿਲੇਗੀ, ਜਿਸਦਾ ਉਦੇਸ਼ ਗੁਣਵੱਤਾ ਨਾਲ ਸਮਝੌਤਾ ਕੀਤੇ ਬਗੈਰ ਪਸ਼ੂ ਪਾਲਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਦਵਾਈਆਂ ਯਕੀਨੀ ਬਣਾਉਣਾ ਹੈ।

ਉਨ੍ਹਾਂ ਨੇ ਦੱਸਿਆ ਕਿ 'ਬਲੂ ਕਰਾਸ' ਸਟੋਰ ਗੁਰਦਾਸਪੁਰ, ਪਟਿਆਲਾ, ਲੁਧਿਆਣਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਸਥਿਤ ਅਤਿ-ਆਧੁਨਿਕ ਵੈਟਰਨਰੀ ਪੌਲੀਕਲੀਨਿਕਾਂ, ਜਿਨ੍ਹਾਂ ਵਿੱਚ ਪਿਛਲੇ ਸਾਲ ਐਡਵਾਂਸਡ ਇਨਡੋਰ ਪੇਸ਼ੈਂਟ ਡਿਪਾਰਟਮੈਂਟ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਸਨ, ਦੇ ਅੰਦਰ ਸਥਾਪਿਤ ਕੀਤੇ ਜਾ ਰਹੇ ਹਨ। ਇਹ ਵੈਟਰਨਰੀ



ਪੌਲੀਕਲੀਨਿਕ ਸੂਬੇ ਭਰ ਵਿੱਚ ਮਜ਼ਬੂਤ ਸੰਸਥਾਗਤ ਅਤੇ ਮਲਟੀ-ਸਪੈਸ਼ਲਟੀ ਪਸ਼ੂ ਸਿਹਤ ਸੰਭਾਲ ਪ੍ਰਣਾਲੀਆਂ ਸਥਾਪਤ ਕਰਨ ਵੱਲ ਪੰਜਾਬ ਸਰਕਾਰ ਦੇ ਵਿਸ਼ੇਸ਼ ਧਿਆਨ ਨੂੰ ਦਰਸਾਉਂਦੇ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸਾਡੇ ਕਿਸਾਨ ਪੰਜਾਬ ਦੀ ਖੁਸ਼ਹਾਲੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੇ ਪਸ਼ੂਆਂ ਦੀ ਸਿਹਤ ਸਿੱਧੇ ਤੌਰ 'ਤੇ ਉਨ੍ਹਾਂ ਦੀ ਆਮਦਨ ਅਤੇ ਭਲਾਈ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਬਲੂ ਕਰਾਸ ਸਟੋਰ ਗੁਣਵੱਤਾ ਵਾਲੀਆਂ ਪਸ਼ੂ ਸਿਹਤ ਸੰਭਾਲ ਸੇਵਾਵਾਂ ਨੂੰ ਕਿਫਾਇਤੀ ਅਤੇ ਪਹੁੰਚਯੋਗ ਬਣਾ ਕੇ ਪਸ਼ੂਧਨ ਦੀ ਸਿਹਤ ਅਤੇ ਕਿਸਾਨਾਂ ਦੀ ਖੁਸ਼ਹਾਲੀ ਵੱਲ ਇੱਕ ਮਹੱਤਵਪੂਰਨ ਕਦਮ ਹਨ।

ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪਸ਼ੂ ਪਾਲਕਾਂ ਨੂੰ ਕਿਫਾਇਤੀ ਦਰਾਂ 'ਤੇ ਦਵਾਈਆਂ ਪ੍ਰਦਾਨ ਕਰਦਿਆਂ ਰੋਕਥਾਮ ਦੇਖਭਾਲ ਨੂੰ ਉਤਸ਼ਾਹਿਤ ਕਰਕੇ ਕਿਸਾਨਾਂ ਦਾ ਪੈਸਾ ਬਚਾਉਣ ਵਿੱਚ ਵਧੇਰੇ ਉਸਾਰੂ ਸਾਬਤ ਹੋਵੇਗੀ।

ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਪੌਲੀਕਲੀਨਿਕਾਂ ਦੇ ਅੰਦਰ ਗੁਣਵੱਤਾ ਵਾਲੀਆਂ ਦਵਾਈਆਂ ਤੱਕ ਕਿਸਾਨਾਂ ਦੀ ਸਿੱਧੀ ਪਹੁੰਚ ਯਕੀਨੀ ਬਣਾਉਣ ਨਾਲ ਉਨ੍ਹਾਂ ਦੇ ਸਮੇਂ ਦੀ ਵੀ ਬੱਚਤ ਹੋਵੇਗੀ। ਇਸਦੇ ਨਾਲ ਹੀ ਮੌਜੂਦਾ ਆਈਪੀਡੀ ਸਹੂਲਤਾਂ ਨਾਲ ਫਾਰਮੇਸੀ ਸੇਵਾਵਾਂ ਦਾ ਏਕੀਕਰਨ ਡਾਇਗਨੌਸਿਸ ਤੋਂ ਲੈ ਕੇ ਰਿਕਵਰੀ ਤੱਕ ਪਸ਼ੂਧਨ ਦੇਖਭਾਲ ਨੂੰ ਵਧੇਰੇ ਕੁਸ਼ਲ ਅਤੇ ਸੁਚਾਰੂ ਬਣਾਏਗਾ। ਉਨ੍ਹਾਂ ਕਿਹਾ ਕਿ ਪਸ਼ੂਧਨ ਦੀ ਤੰਦਰੁਸਤੀ ਉਤਪਾਦਕਤਾ ਵਿੱਚ ਵਾਧਾ ਕਰੇਗੀ, ਜਿਸ ਨਾਲ ਡੇਅਰੀ ਅਤੇ ਸਹਾਇਕ ਪੇਂਡੂ ਅਰਥਚਾਰੇ ਨੂੰ ਵੱਡੀ ਮਜ਼ਬੂਤੀ ਮਿਲੇਗੀ।

ਇਸ ਪਹਿਲਕਦਮੀ ਪਿੱਛੇ ਦੀ ਪ੍ਰਸ਼ਾਸਕੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਕਿਹਾ ਕਿ ਰਾਜ ਸਰਕਾਰ ਖੇਤੀਬਾੜੀ ਪ੍ਰਣਾਲੀ ਦੀ ਮਜ਼ਬੂਤੀ ਅਤੇ ਪਸ਼ੂ ਪਾਲਣ ਵੈਲਿਊ ਚੇਨ ਵਿੱਚ ਹਰੇਕ ਹਿੱਸੇਦਾਰ ਦੀ ਭਲਾਈ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦ੍ਰਿਤ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਪਸ਼ੂਧਨ ਭਲਾਈ ਅਤੇ ਪੇਂਡੂ ਆਰਥਿਕਤਾ ਦੀ ਖੁਸ਼ਹਾਲੀ ਵਿੱਚ ਪੰਜਾਬ ਨੂੰ ਮੋਹਰੀ ਰਾਜ ਵਜੋਂ ਹੋਰ ਮਜ਼ਬੂਤ ਕਰਨਗੀਆਂ।

# ਪੰਜਾਬ ਦੇ ਕਿਸਾਨਾਂ ਲਈ ਇੰਡੋ ਯੂਐਸ ਡੀਲ ਬਣੇਗੀ ਭਵਿੱਖ ਵਿੱਚ ਗੰਭੀਰ ਖਤਰਾ: ਮਹੰਤ ਖਨੌੜਾ

**ਪਟਿਆਲਾ, 11 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੇ ਇੰਡੋ ਯੂਐਸ ਟਰੇਡ ਡੀਲ ਨੂੰ ਕਰਕੇ ਦੇਸ਼ ਅਤੇ ਪੰਜਾਬ ਦੇ ਕਿਸਾਨਾਂ ਲਈ ਗੰਭੀਰ ਖਤਰਾ ਪੈਦਾ ਕੀਤਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਮਹੰਤ ਹਰਵਿੰਦਰ ਖਨੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਮਹੰਤ ਖਨੌੜਾ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਡੀਲ ਭਵਿੱਖ ਵਿੱਚ ਕਿਸਾਨਾਂ ਲਈ ਗੰਭੀਰ ਖਤਰਾ ਹੈ ਜਿੱਥੇ ਦੇਸ਼ ਭਰ ਦੇ ਕਿਸਾਨਾਂ ਨੂੰ ਇੱਕ ਮੁੱਠ ਹੋਣ ਦੀ ਲੋੜ ਹੈ ਤਾਂ ਜੋ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਮੋਰਚਾ ਬੰਦੀ ਕੀਤੀ ਜਾ ਸਕੇ ਉਨ੍ਹਾਂ ਕਿਹਾ ਕਿ ਇਹ ਸਮਝੌਤਾ ਪੰਜਾਬ ਸਮੇਤ ਪੂਰੇ ਭਾਰਤ ਦੇ ਕਿਸਾਨਾਂ ਨੂੰ ਭਾਰੀ ਸਬਸਿਡੀ ਪ੍ਰਾਪਤ ਕਰਨ ਵਾਲੀ ਅਮਰੀਕੀ ਖੇਤੀ ਨਾਲ ਅਸਮਾਨ ਮੁਕਾਬਲੇ ਵਿੱਚ ਧਕ ਦੇਵੇਗਾ ਜਿਸ ਨਾਲ ਕਿਸਾਨ ਖੁਦ ਲੈਣ ਵਾਲੇ ਫੈਸਲਿਆਂ ਤੋਂ ਲਾਚਾਰ ਹੋ ਜਾਵੇਗਾ ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਵੱਡੇ ਵਪਾਰਕ ਖੇਤਾਂ ਨੂੰ ਹਰ ਸਾਲ ਲਗਭਗ 60 ਲੱਖ ਤੱਕ ਸਿੱਧੀ ਸਹਾਇਤਾ ਮਿਲਦੀ ਹੈ ਜਦ ਕਿ ਦਰਮਿਆਨੇ ਅਤੇ ਅੱਧੇ ਟਾਈਮ ਕਿਸਾਨਾਂ ਨੂੰ ਵੀ 7 ਤੋਂ 11 ਲੱਖ ਤੱਕ ਸਰਕਾਰੀ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਅਮਰੀਕੀ ਸਰਕਾਰ ਹਰ ਸਾਲ 2.7 ਲੱਖ



ਕਰੋੜ ਤੋਂ 4.5 ਲੱਖ ਕਰੋੜ ਤੱਕ ਫਸਲ ਬੀਮਾ ਸਬਸਿਡੀ ਕੀਮਤ ਗਰੰਟੀ ਨਿਰਧਾਰਿਤ ,ਪ੍ਰੋਤਸਹਾਨ , ਆਫਤ ਰਾਹਤ, ਅਤੇ ਸਸਤੇ ਕਰਜ਼ਾ ਪ੍ਰਣਾਲੀ ਰਾਹੀਂ ਖੇਤੀਬਾੜੀ ਖੇਤਰ ਤੇ ਖਰਚ ਕਰਦੀ ਹੈ ਉਨਾਂ ਕਿਹਾ ਕਿ ਇਹ ਮੁਕਤ ਵਪਾਰ ਨਹੀਂ ਸਗੋਂ ਭਾਰਤੀ ਖੇਤੀ ਲਈ ਇਕ ਢਾਂਚਾਗਤ ਨੁਕਸਾਨ ਹੈ ਜਿਸ ਨਾਲ ਦੇਸ਼ ਅਤੇ ਪੰਜਾਬ ਦਾ ਕਿਸਾਨ ਕਮਜ਼ੋਰ ਹੋਵੇਗਾ ਉਨ੍ਹਾਂ ਕਿਹਾ ਕਿ ਅਮਰੀਕਾ ਦੀ ਭਾਰੀ ਸਬਸਿਡੀ ਵਾਲੀ ਸਸਤੀ ਖੇਤੀ ਉਤਪਾਦਾਂ ਲਈ ਭਾਰਤੀ ਬਾਜ਼ਾਰ ਖੋਲਣ ਨਾਲ ਪੰਜਾਬ ਦੀ ਕਣਕ, ਮੱਕੀ, ਕਪਾਹ ਅਤੇ ਡੈਰੀ ਕਿਸਾਨਾਂ ਦੀਆਂ ਕੀਮਤਾਂ ਭਵਿੱਖ ਵਿੱਚ ਡਿੱਗ ਵੀ ਸਕਦੀਆਂ ਹਨ ਜਿਸ ਨਾਲ ਕਿਸਾਨਾਂ ਦੀ ਆਮਦਨ ਤੇ ਵੱਡਾ ਖਤਰਾ ਪੈਦਾ ਹੁੰਦਾ ਦਿਖਾਈ ਦੇ ਰਿਹਾ ਹੈ ਉੱਥੇ ਹੀ ਹੋਰਨਾ ਫਸਲਾਂ ਲਈ ਵੀ ਇਹ ਡੀਲ ਬੇਹੱਦ ਖਤਰਨਾਕ ਸਾਬਤ ਹੋਵੇਗੀ ਜਿਸ ਨੂੰ ਰੱਦ ਕਰਾਉਣ ਲਈ ਸਮੁੱਚੇ ਕਿਸਾਨਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਕੇਂਦਰ ਸਰਕਾਰ ਦੇ ਇਹ ਕਿਸਾਨ ਮਾਰੂ ਫੈਸਲੇ ਦੇ ਵਿਰੋਧ ਵਿੱਚ ਸੰਘਰਸ਼ ਕਰਨ ਲਈ ਸਾਹਮਣੇ ਆਉਣ ਦੀ ਲੋੜ ਹੈ। ਜੇਕਰ ਕਿਸਾਨ ਇਸ ਦਾ ਵਿਰੋਧ ਨਹੀਂ ਕਰਨਗੇ ਤਾਂ ਉਹਨਾਂ ਨੂੰ ਭਵਿੱਖ ਵਿੱਚ ਇਸ ਡੀਲ ਦੇ ਵੱਡੇ ਨੁਕਸਾਨ ਹੋਣ ਦਾ ਖਤਰਾ ਜਤਾਇਆ ਜਾ ਰਿਹਾ ਹੈ ਇਸ ਫੈਸਲੇ ਦਾ ਕਾਂਗਰਸ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਕਿਉਂਕਿ ਦੇਸ਼ ਦੀ ਸਮੁੱਚੀ ਕਾਂਗਰਸ ਪਾਰਟੀ ਕਿਸਾਨਾਂ ਦੇ ਹੱਕ ਵਿੱਚ ਉਹਨਾਂ ਦੇ ਨਾਲ ਖੜੀ ਹੈ ਜਦੋਂ ਤੱਕ ਕੇਂਦਰ ਸਰਕਾਰ ਇਸ ਡੀਲ ਨੂੰ ਰੱਦ ਨਹੀਂ ਕਰਦੀ ਉਦੋਂ ਤੱਕ ਕਾਂਗਰਸ ਆਪਣਾ ਵਿਰੋਧ ਜਿਤਾਉਂਦੀ ਰਹੇਗੀ ।

# ਆਮ ਆਦਮੀ ਪਾਰਟੀ ਦੇ ਪਰਿਵਾਰ 'ਚ ਹੋਇਆ ਵਾਧਾ; ਹੋਰ ਪਾਰਟੀਆਂ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਲੋਕ

## ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਅਤੇ ਵਿਕਾਸ ਅਧਾਰਤ ਨੀਤੀਆਂ 'ਤੇ ਸੂਬਾ ਵਾਸੀਆਂ ਨੇ ਪੂਰਾ ਭਰੋਸਾ ਜਤਾਇਆ

**ਧੂਰੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਲੋਕ-ਪੱਖੀ, ਇਮਾਨਦਾਰ ਅਤੇ ਵਿਕਾਸ ਅਧਾਰਤ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਧੂਰੀ ਵਿਖੇ ਹੋਰ ਪਾਰਟੀਆਂ ਨੂੰ ਛੱਡ ਕੇ ਅੱਜ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਇਨ੍ਹਾਂ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਉਨ੍ਹਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਲਾਕ ਸੰਮਤੀ ਮੈਂਬਰ ਗੁਰਮੀਤ ਕੌਰ, ਪਰਮਜੀਤ ਸਿੰਘ, ਸੰਦੀਪ ਬਾਂਸਲ, ਡਿੱਕੀ ਗੋਇਲ, ਰਾਜੂ ਅਤੇ ਗੌਤਮ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ।

ਇਸ ਮੌਕੇ ਓ.ਐਸ.ਡੀ. ਸ. ਸੁਖਵੀਰ ਸਿੰਘ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਸਿਹਤ, ਸਿੱਖਿਆ ਅਤੇ ਰੋਜ਼ਗਾਰ



ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਕੰਮਾਂ ਨੇ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਆਮ ਲੋਕਾਂ ਦੀ ਭਲਾਈ ਨੂੰ ਕੇਂਦਰ ਵਿੱਚ ਰੱਖ ਕੇ ਫੈਸਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਸਿਹਤ ਖੇਤਰ ਵਿੱਚ ਕ੍ਰਾਂਤੀ ਲਿਆਉਂਦਿਆਂ ਪੰਜਾਬ ਭਰ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਲੋਕਾਂ ਨੂੰ ਮੁਫ਼ਤ ਅਤੇ ਮਿਆਰੀ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਸਿੱਖਿਆ ਦੇ ਖੇਤਰ ਵਿੱਚ ਇਤਿਹਾਸਕ ਕਦਮ ਚੁੱਕਦਿਆਂ ਸਕੂਲ ਆਫ਼ ਐਮੀਨੈਂਸ, ਸਕੂਲ ਆਫ਼ ਹੈਪੀਨਸ ਅਤੇ ਸਕੂਲ ਆਫ਼ ਬਰੀਲੀਐਂਸ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਸਰਕਾਰੀ ਸਕੂਲਾਂ ਦੀ ਸੂਰਤ ਬਦਲੀ ਹੈ।

ਰੋਜ਼ਗਾਰ ਦੇ ਖੇਤਰ ਵਿੱਚ ਸਰਕਾਰ ਵੱਲੋਂ 63 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਪ੍ਰਦਾਨ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਗਿਆ ਹੈ। ਇਸ ਤੋਂ ਇਲਾਵਾ 600 ਯੂਨਿਟ ਮੁਫ਼ਤ ਬਿਜਲੀ, ਪਿੰਡਾਂ ਵਿੱਚ ਖੇਡ ਮੈਦਾਨਾਂ ਅਤੇ ਲਾਇਬਰੇਰੀਆਂ ਦੀ ਸਥਾਪਨਾ ਕਰਕੇ ਸੂਬਾ ਵਾਸੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਅਹਿਮ ਕਦਮ ਚੁੱਕੇ ਗਏ ਹਨ।

ਪਾਰਟੀ ਵਿੱਚ ਸ਼ਾਮਲ ਹੋਏ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਪਾਰਟੀ ਹੀ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਸੱਚੀ ਨੀਅਤ ਨਾਲ ਕੰਮ ਕਰ ਰਹੀ ਹੈ।

ਅੰਤ ਵਿੱਚ ਸਾਰੇ ਨਵੇਂ ਸ਼ਾਮਲ ਹੋਏ ਮੈਂਬਰਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਅਹਿਦ ਲਿਆ।

ਇਸ ਮੌਕੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਪੁਸ਼ਪਿੰਦਰ ਸ਼ਰਮਾ ਸਮੇਤ ਵੱਡੀ ਗਿਣਤੀ ਆਗੂ ਮੌਜੂਦ ਸਨ।

# ਤੇਜ਼ ਰਫ਼ਤਾਰੀ ਕਾਰਨ ਕਾਰ ਚਾਲਕ ਦੀ ਮੌਤ

**ਨਾਭਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਸਰਕੂਲਰ ਰੋਡ ਉੱਪਰ ਹਾਦਸੇ ਵੱਧ ਰਹੇ ਹਨ ਤੇ ਮੌਤਾਂ ਦਾ ਸਿਲਸਿਲਾ ਜਾਰੀ ਹੈ। ਅੱਜ ਸਵੇਰੇ ਤੇਜ਼ ਰਫ਼ਤਾਰ ਕਾਰ ਸਪੀਡਬ੍ਰੇਕਰ ਤੋਂ ਉੱਛਲ ਗਈ ਤੇ ਅੱਗੇ ਸੜਕ ਵਿਚਾਲੇ ਖੜੇ ਅਵਾਰਾ ਪਸ਼ੂ ਨਾਲ ਟਕਰਾ ਕੇ ਦਰਖਤ ਵਿੱਚ ਜਾ ਵੱਜੀ। ਇਸ ਹਾਦਸੇ ਵਿੱਚ ਮਲੇਰਕੋਟਲਾ ਨਿਵਾਸੀ 32 ਸਾਲਾ ਯੋਗੇਸ਼ ਛਾਬੜਾ ਦੀ ਮੌਤ ਹੋ ਗਈ। ਦੀਵਾਲੀ ਤੋਂ ਲੈ ਕੇ ਹੁਣ ਤੱਕ ਇਸ ਸੜਕ ਉੱਤੇ ਇਹ ਛੇਵੀਂ ਮੌਤ ਹੈ।

ਹਾਦਸੇ ਮਗਰੋਂ ਸ਼ਹਿਰ ਦੇ ਕੁਝ ਲੋਕਾਂ ਨੇ ਆਪ ਚਮਕੀਲੇ ਰੰਗ ਅਤੇ ਰਿਫਲੈਕਟਰ ਪੱਟੀ ਲੈਕੇ ਸਪੀਡਬ੍ਰੇਕਰ 'ਤੇ ਲਗਾਏ ਤਾਂ ਕਿ ਹਨੇਰੇ ਵਿੱਚ ਇਨ੍ਹਾਂ ਦਾ ਪਤਾ ਲੱਗੇ। ਸ਼ਹਿਰ ਵਾਸੀਆਂ ਵੱਲੋਂ ਇਸ ਸੜਕ ਉੱਤੇ ਵਾਹਨਾਂ ਦੀ ਰਫਤਾਰ ਹੌਲੀ ਕਰਵਾਉਣ ਲਈ ਵਾਰ-ਵਾਰ ਪ੍ਰਦਰਸ਼ਨ ਕੀਤੇ ਗਏ ਜਿਸ ਮਗਰੋਂ ਪ੍ਰਸ਼ਾਸਨ ਨੇ ਇਹ ਸਪੀਡਬ੍ਰੇਕਰ ਬਣਾਏ ਪਰ ਲੋਕਾਂ ਮੁਤਾਬਕ ਉਨ੍ਹਾਂ ਉੱਪਰ ਕਥਿਤ ਰਿਫਲੈਕਟਰ ਜਾਂ ਰੰਗ ਨਾ ਹੋਣ ਕਾਰਨ ਤੇਜ਼ ਰਫ਼ਤਾਰੀ ਵਾਹਨ ਨੂੰ ਇਹ ਸਪੀਡਬ੍ਰੇਕਰ ਦਿਖਾਈ ਨਹੀਂ ਦਿੰਦੇ।

ਨਾਭਾ ਨਿਵਾਸੀ ਐਡਵੋਕੇਟ ਗੀਤ ਇਕਬਾਲ ਸਿੰਘ ਨੇ ਦੱਸਿਆ ਕਿ ਸਪੀਡਬ੍ਰੇਕਰ ਨਾਲ ਪੈਦਲ ਜਾਂ ਦੋਪਹੀਆ ਵਾਹਨਾਂ ਨੂੰ ਰਾਹਤ ਮਿਲੀ ਹੈ ਪਰ ਸ਼ਹਿਰ ਨਿਵਾਸੀ ਦੋ ਹਫਤੇ ਤੋਂ ਲੋਕ ਨਿਰਮਾਣ ਵਿਭਾਗ ਨੂੰ ਇਸ ਦੇ ਅੱਗੇ-ਪਿੱਛੇ ਰਿਫਲੈਕਟਰ ਲਗਾਉਣ ਦੀਆਂ ਜਨਤਕ ਬੇਨਤੀਆਂ ਕਰ ਰਹੇ ਹਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ; ਤਹਿਸੀਲਦਾਰ ਮਨਪ੍ਰੀਤ ਸਿੰਘ ਅਤੇ ਫੂਲਰਾਜ ਸਿੰਘ ਹੋਰਾਂ ਬੱਸ ਨੂੰ ਕੀਤਾ ਰਵਾਨਾ

**ਮੁਹਾਲੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਪਿੰਡ ਝਾਮਪੁਰ ਤੋਂ ਬੱਸ ਨੂੰ ਰਵਾਨਾ ਕੀਤਾ ਗਿਆ, ਇਸ ਬੱਸ ਯਾਤਰਾ ਨੂੰ ਤਹਿਸੀਲਦਾਰ -ਮਨਪ੍ਰੀਤ ਸਿੰਘ ਅਤੇ ਸਟੇਟ ਅਵਾਰਡੀ ਅਤੇ ਹਲਕਾ ਕੋਆਰਡੀਨੇਟਰ - ਫੂਲਰਾਜ ਸਿੰਘ ਹੋਰਾਂ ਵੱਲੋਂ ਸਾਂਝੇ ਤੌਰ ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ, ਹਲਕਾ ਕੋਆਰਡੀਨੇਟਰ ਅਤੇ ਸਟੇਟ ਐਵਾਰਡੀ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਗੁਰੂਆਂ ਅਤੇ ਪੀਰਾਂ ਦੀ ਧਰਤੀ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਦੇ ਲਈ ਪੰਜਾਬ ਸਰਕਾਰ ਵੱਲੋਂ ਇੱਕ ਵਿਸ਼ੇਸ਼ ਪਹਿਲ ਕੀਤੀ ਗਈ , ਫੂਲਰਾਜ ਸਿੰਘ ਹੋਰਾਂ ਕਿਹਾ ਕਿ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਅਤੇ ਕੁਲਵੰਤ ਸਿੰਘ ਹੋਰਾਂ ਦੀ ਦੇਖਰੇਖ ਦੇ ਵਿੱਚ ਇਸ ਯੋਜਨਾ ਦੇ ਤਹਿਤ ਪਿੰਡ ਝਾਮਪੁਰ ਵਿਖੇ ਕੂਪਨ ਦੇ ਤਹਿਤ 40 ਯਾਤਰੀਆਂ ਦੀ ਚੋਣ ਕੀਤੀ ਗਈ ਸੀ , ਹਲਕਾ ਕੁਆਰਡੀਨੇਟਰ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਸ੍ਰੀ



ਦਰਬਾਰ ਸਾਹਿਬ ਅਤੇ ਬਾਹਘਾ ਬਾਰਡਰ ਆਦਿ ਜਾ ਕੇ ਵਾਪਸ ਮੋਹਾਲੀ ਪਰਤਣਗੇ ਅਤੇ ਫਿਰ ਤੋਂ ਇਹ ਦੁਬਾਰਾ ਇਹ ਬਸ ਹੋਰ 40 ਯਾਤਰੀ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ, ਉਹਨਾਂ ਦੱਸਿਆ ਕਿ ਇਸ ਯਾਤਰਾ ਦੇ ਵਿੱਚ ਸਿਰਫ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਹੀ ਯਾਤਰਾਂ ਦੀ ਰਜਿਸਟਰੇਸ਼ਨ ਕਰਵਾ ਸਕਦੇ ਹਨ , ਉਹਨਾਂ ਦੱਸਿਆ ਕਿ ਇੱਕ ਪਰਿਵਾਰ ਵਿੱਚੋਂ ਸਿਰਫ 1 ਮੈਂਬਰ ਜਾਂ ਇੱਕ ਪਰਿਵਾਰ ਵਿੱਚੋਂ ਪਤੀ- ਪਤਨੀ ਵੀ ਇਸ ਯਾਤਰਾ ਤੇ ਲਈ ਰਜਿਸਟਰੇਸ਼ਨ ਕਰਵਾ ਸਕਦੇ ਹਨ, ਉਹਨਾਂ ਦੱਸਿਆ ਕਿ ਰਜਿਸਟਰੇਸ਼ਨ ਤੋਂ ਬਾਅਦ ਯਾਤਰੀਆਂ ਦੀ ਚੋਣ ਡਰਾਅ ਰਾਹੀਂ ਪਿੰਡ, ਮਹੱਲਾ ਪੋਲਿੰਗ ਬੂਥ ਦੇ ਅਧਾਰ ਤੇ ਕੀਤੀ ਜਾਵੇਗੀ। ਤਿੰਨ ਦਿਨ ਅਤੇ ਦੋ ਰਾਤਾਂ ਦੀ ਤੇ ਇਸ ਧਾਰਮਿਕ ਯਾਤਰਾ ਮੌਕੇ ਆਉਣ ਜਾਣ ਲਈ ਮੁਫਤ ਏਸੀ ਬੱਸਾਂ ਦੀ ਸਹੂਲਤ ਸੰਗਤ ਦੇ ਰਹਿਣ ਲਈ ਏਸੀ ਕਮਰਿਆਂ ਦਾ ਪ੍ਰਬੰਧ ਅਤੇ ਸੰਗਤਾਂ ਨੂੰ ਤਿੰਨ ਤਿੰਨ ਸਮੇਂ ਦਾ ਖਾਣਾ ਪਾਣੀ ਦੋ ਵਾਰ ਦੀ ਚਾਹ ਅਤੇ ਸਨੈਕਸ ਵੀ ਦਿੱਤੇ ਜਾਣਗੇ। ਸੰਗਤ ਦੀ ਹਰ ਜਰੂਰਤ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਸਹਾਇਤਾ ਲਈ ਹਰ ਬੱਸ ਵਿੱਚ ਇੱਕ ਸਹਾਇਕ ਵੀ ਮੌਜੂਦ ਰਹੇਗਾ, ਤਾਂ ਜੋ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਯਾਤਰਾ ਦੌਰਾਨ ਇੱਕ ਡਾਕਟਰੀ ਟੀਮ ਵੀ ਸੰਗਤ ਦੇ ਨਾਲ ਹੋਵੇਗੀ, ਜਿਸ ਨਾਲ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਦੇ ਵਿੱਚ ਮੌਕੇ ਉੱਤੇ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ, ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫੂਲਰਾਜ ਸਿੰਘ ਹਲਕਾ ਕੁਆਰਡੀਨੇਟਰ ਨੇ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਸੀਨੀਅਰ ਸਿਟੀਜਨ ਦੇ ਲਈ ਕੀਤਾ ਗਿਆ ਇੱਕ ਵਧੀਆ ਅਤੇ ਸਲਾਂਘਾਯੋਗ ਉਪਰਾਲਾ ਹੈ, ਇਸ ਨਾਲ ਸੂਬੇ ਭਰ ਦੇ ਬਜ਼ੁਰਗਾਂ ਦੇ ਵਿੱਚ ਵਿੱਚ ਡਾਹਡੀ ਖੁਸ਼ੀ ਵੇਖਣ ਨੂੰ ਮਿਲ ਰਹੀ, ਉਹਨਾਂ ਕਿਹਾ ਕਿ ਜੋ -ਜੋ ਵੀ ਵਾਅਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਕੌਮੀ ਕਨਵੀਨਰ- ਅਰਵਿੰਦ ਕੇਜਰੀਵਾਲ ਹੋਰਾਂ ਦੇ ਵੱਲੋਂ ਕੀਤੇ ਗਏ ਸਨ, ਉਹਨਾਂ ਨੂੰ ਇੱਕ- ਇੱਕ ਕਰਕੇ ਲਾਗੂ ਕੀਤਾ ਜਾ ਰਿਹਾ ਹੈ, ਫੂਲਰਾਜ ਸਿੰਘ ਹੋਰਾਂ ਕਿਹਾ ਕਿ ਸੂਬੇ ਦੇ ਸੂਬੇ ਦੇ ਵਿਕਾਸ ਦੀ ਰਫਤਾਰ ਵੀ ਹੌਲੀ -ਹੌਲੀ ਤੇਜ਼ੀ ਫੜਦੀ ਜਾ ਰਹੀ ਹੈ,ਇਸ ਮੌਕੇ ਤੇ ਮੀਡੀਆ ਕੁਆਰਡੀਨੇਟਰ- ਬਿਕਰਮ ਸਿੰਘ ਸੰਧੂ, ਗੁਰਮੀਤ ਸਿੰਘ, ਨਿਹਾਲ ਸਿੰਘ ਵਿਰਕ, ਸਰਪੰਚ ਹਰਪ੍ਰੀਤ ਕੌਰ, ਕੁਲਬੀਰ ਸਿੰਘ, ਨੰਬਰਦਾਰ- ਜਸਵੀਰ ਸਿੰਘ, ਹਰਵਿੰਦਰ ਸਿੰਘ, ਬਲਵੀਰ ਸਿੰਘ ਕੈਂਥ, ਸਾਬਕਾ ਸਰਪੰਚ ਢੇਰੂ ਸਿੰਘ, ਗੋਪਾਲ ਸਿੰਘ ਰਾਮ ਸਰੂਪ ਸਿੰਘ, ਰਾਮ ਸਿੰਘ, ਕੇਵਲ ਸਿੰਘ ਸਿੱਧੂ, ਮਨਪ੍ਰੀਤ ਸਿੰਘ, ਤਾਰਾ ਸਿੰਘ, ਮਨਪ੍ਰੀਤ ਕੌਰ, ਗੁਰਪ੍ਰੀਤ ਸਤਵਿੰਦਰ ਸਤਵਿੰਦਰ ਸਿੰਘ, ਗੁਰਦੀਪ ਸਿੰਘ, ਅਤੇ ਪਿੰਡ ਦੇ ਮੁਹਤਰਮ ਵਿਅਕਤੀ ਵੀ ਹਾਜ਼ਰ ਰਹੇ।

# ਪੰਜਾਬ ਅੰਦਰ ਆਉਣ ਵਾਲਾ ਸਮਾਂ ਭਾਜਪਾ ਦਾ ਹੋਵੇਗਾ: ਖੱਟੜਾ

**ਪਟਿਆਲਾ, 11 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸੂਬੇ ਅੰਦਰ ਆਉਣ ਵਾਲਾ ਸਮਾਂ ਭਾਜਪਾ ਦਾ ਹੋਵੇਗਾ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਜਬੂਤ ਅਗਵਾਈ ਹੇਠ ਪੰਜਾਬ ਦੇਸ਼ ਦਾ ਸਭ ਤੋਂ ਮੋਹਰੀ ਸੂਬਾ ਬਣੇਗਾ ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਬਣਦੇ ਹੀ ਪੰਜਾਬ ਵਿੱਚ ਵਿਕਾਸ ਦੀ ਰਫਤਾਰ ਤੇਜ਼ ਹੋਵੇਗੀ ਤੇ ਕੇਂਦਰ ਦੀਆਂ ਸਾਰੀਆਂ ਜਨ ਭਲਾਈ ਯੋਜਨਾਵਾਂ ਜਮੀਨੀ ਪੱਧਰ ਤੇ ਪ੍ਰਭਾਵੀ ਰੂਪ ਨਾਲ ਲਾਗੂ ਕੀਤੀ ਜਾਣਗੀਆਂ ਤਾਂ ਜੋ ਪਿਛਲੇ 15 ਸਾਲ ਵਿੱਚ ਪਛੜ ਚੁੱਕੇ ਪੰਜਾਬ ਨੂੰ ਮੁੜ ਤੋਂ ਵਿਕਾਸ ਦੀਆਂ ਨੀਹਾਂ ਤੇ ਲਿਆਂਦਾ ਜਾ ਸਕੇ ਖੱਟੜਾ ਨੇ ਕਿਹਾ ਕੀ ਸੂਬੇ ਅੰਦਰ ਨਿਰੋਲ ਭਾਜਪਾ ਸਰਕਾਰ ਆਉਣ ਤੇ ਹਰਿਆਣਾ ਸਟੇਟ ਦੀ ਤਰਜ ਤੇ 24 ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਲਾਗੂ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਜਿਸ ਨਾਲ ਪੰਜਾਬ ਦਾ ਕਿਸਾਨ ਆਰਥਿਕ ਪੱਖੋਂ ਮਜਬੂਤ ਹੋਵੇਗਾ ਉਥੇ ਹੀ ਸੂਬੇ ਅੰਦਰ ਖੁਸ਼ਹਾਲੀ ਵੀ ਆਵੇਗੀ ਉਨ੍ਹਾਂ ਕਿਹਾ



ਕਿ 2027 ਅੰਦਰ ਹੋਣ ਵਾਲੀਆਂ ਚੋਣਾਂ ਵਿੱਚ ਸੂਬੇ ਅੰਦਰੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਉਪਰੰਤ ਕਿਸਾਨਾਂ ਨੂੰ ਫਸਲਾਂ ਵੇਚਣ ਲਈ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ ਅਤੇ 24 ਘੰਟਿਆਂ ਅੰਦਰ ਫਸਲ ਵੇਚਣ ਉਪਰੰਤ ਸਿੱਧੀ ਖਾਤਿਆਂ ਵਿੱਚ ਅਦਾਇਗੀ ਹੋਵੇਗੀ ਅਜਿਹਾ ਹੋਣ ਨਾਲ ਸਮੇਂ ਸਮੇਂ ਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਤੋਂ ਫਸਲਾਂ ਦਾ ਬਚਾਅ ਹੋਵੇਗਾ ਅਤੇ ਕਿਸਾਨਾਂ ਨੂੰ ਆਪਣੀਆਂ ਫਸਲਾਂ ਵੇਚਣ ਲਈ ਧਰਨੇ ਲਾਉਣ ਦੀ ਕਦੇ ਵੀ ਨੌਬਤ ਨਹੀਂ ਆਵੇਗੀ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਬਣਨ ਉਪਰੰਤ ਹੋਰ ਨਵੀਆਂ ਯੋਜਨਾਵਾਂ ਵੀ ਲਾਗੂ ਕੀਤੀਆਂ ਜਾਣਗੀਆਂ ਜਿਸ ਨਾਲ ਸੂਬੇ ਦਾ ਪੜੇ ਲਿਖੇ ਨੌਜਵਾਨ ਵਰਗ ਨੂੰ ਰੁਜ਼ਗਾਰ ਦੇ ਕੇ ਕੰਮ ਲਾਇਆ ਜਾ ਸਕੇ ਜਿਸ ਨਾਲ ਸੂਬੇ ਅੰਦਰੋਂ ਬੇਰੋਜ਼ਗਾਰੀ ਦਾ ਵੀ ਖਾਤਮਾ ਹੋਣਾ ਤੈਅ ਹੈ ਲਿਹਾਜਾ ਪੰਜਾਬ ਦੇ ਲੋਕ ਵੀ ਚਾਹੁੰਦੇ ਹਨ ਕਿ ਕੇਂਦਰ ਵਿੱਚ ਭਾਜਪਾ ਦੀ ਭਾਈਵਾਲ ਬਣਨ ਲਈ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਸਤਾ ਚ ਹੋਵੇ ਤਾਂ ਜੋ ਡਬਲ ਇੰਜਨ ਦੀ ਸਰਕਾਰ ਵੱਧ ਤੋਂ ਵੱਧ ਸੂਬੇ ਦਾ ਵਿਕਾਸ ਕਾਰਜ ਕਰ ਸਕੇ ਇਸ ਮੌਕੇ ਹੋਰਨਾ ਤੋਂ ਇਲਾਵਾ ਪ੍ਰਧਾਨ ਬਲਵਿੰਦਰ ਸਿੰਘ ਕੰਗ, ਪ੍ਰੀਤਮ ਸਿੰਘ ਸਾਂਸਪੁਰ ਹਰਭਜਨ ਸਿੰਘ ਲਚਕਾਣੀ, ਗੁਰੀ ਸਿੱਧੂਵਾਲ ,ਤਰਸੇਮ ਕੋਟਲੀ ਆਦਿ ਵੀ ਹਾਜ਼ਰ ਸਨ।

# ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਨੇ ਖਡੂਰ ਸਾਹਿਬ ਵਿਖੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ

**ਤਰਨਤਾਰਨ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ), ਖਡੂਰ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਪਾਵਨ ਅਵਸਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਉਪਰੰਤ ਰਾਜਪਾਲ ਸ੍ਰੀ ਕਟਾਰੀਆ ਨਿਸ਼ਾਨ-ਏ-ਸਿੱਖੀ ਸੰਸਥਾ, ਖਡੂਰ ਸਾਹਿਬ ਵਿਖੇ ਪਹੁੰਚੇ, ਜਿੱਥੇ ਕਾਰਸੇਵਾ ਵਾਲੇ ਬਾਬਾ ਸੇਵਾ ਸਿੰਘ ਜੀ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਰਾਜਪਾਲ ਨੇ ਇਥੇ ਯੂ.ਪੀ.ਐਸ.ਸੀ, ਜੇ.ਈ.ਈ ਸਮੇਤ ਹੋਰਨਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸੇਵਾ ਭਾਵ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਰਾਜਪਾਲ ਨੇ ਨਿਸ਼ਾਨ-ਏ-ਸਿੱਖੀ ਸੰਸਥਾ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਨੌਜਵਾਨਾਂ ਨੂੰ ਸਹੀ ਸੇਧ ਦੇ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਨੇ ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਨੌਜਵਾਨਾਂ ਦੀ ਭਲਾਈ ਲਈ ਅੱਗੇ ਆ ਕੇ ਸਾਂਝੇ ਯਤਨ ਕਰਨ। ਇਸ ਮੌਕੇ ਰਾਜਪਾਲ ਪੰਜਾਬ ਨੇ ਨਿਸ਼ਾਨ-ਏ-ਸਿੱਖੀ ਸੰਸਥਾ ਦੇ ਗਲਿਆਰੇ ਵਿੱਚ ਅੰਬ ਦਾ ਬੂਟਾ ਲਗਾ ਕੇ ਵਾਤਾਵਰਨ ਬਚਾਉਣ ਦਾ ਸੰਦੇਸ਼ ਵੀ ਦਿੱਤਾ ਅਤੇ ਹਰਿਆਵਲ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ।

ਇਸ ਮੌਕੇ ਰਾਜਪਾਲ ਪੰਜਾਬ ਦੇ ਸਕੱਤਰ ਵਿਵੇਕ ਪ੍ਰਤਾਪ ਸਿੰਘ, ਰੈੱਡ ਕਰਾਸ ਸੁਸਾਇਟੀ ਪੰਜਾਬ ਦੇ ਸਕੱਤਰ ਸ੍ਰੀ ਸ਼ਿਵਦੁਲਾਰ ਸਿੰਘ, ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਐਸ.ਐਸ.ਪੀ ਸ੍ਰੀ ਸੁਰੇਂਦਰ ਲਾਂਬਾ, ਐਸ.ਡੀ.ਐਮ ਖਡੂਰ ਸਾਹਿਬ ਸ੍ਰੀ ਸੰਜੀਵ ਸ਼ਰਮਾ ਤੋਂ ਇਲਾਵਾ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਹਰਚੰਦ ਸਿੰਘ ਬਰਸਟ ਨੇ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨਾਲ ਵਿਕਾਸ ਕਾਰਜਾਂ ਬਾਰੇ ਕੀਤੀ ਚਰਚਾ



**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਹਲਕਾ ਸਮਾਣਾ ਦੇ ਪਿੰਡ ਧਰਮਕੋਟ ਵਿਖੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਸਮੇਤ ਪਿੰਡ ਵਾਸੀਆਂ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ। ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਪਿੰਡ ਵਾਸੀਆਂ ਨੂੰ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾਇਆ ਅਤੇ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਸ. ਬਰਸਟ ਨੇ ਇਸ ਦੇ ਨਾਲ ਹੀ ਪਿੰਡ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਨੂੰ ਲੈ ਕੇ ਵੀ ਸਰਪੰਚਾਂ ਅਤੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ। ਲੋਕਾਂ ਨੇ ਸ. ਬਰਸਟ ਨੂੰ ਪਿੰਡ ਦੇ ਵਿਕਾਸ ਨੂੰ ਲੈ ਕੇ ਕਈ ਸੁਝਾਅ ਦਿੱਤੇ, [illegible] ਨੂੰ ਪਹਿਲ ਦੇ ਅਧਾਰ ਤੇ ਪੂਰਾ ਕਰਨ ਦਾ ਭਰੋਸਾ ਦਵਾਇਆ।

ਉਨ੍ਹਾਂ ਪਿੰਡ ਵਾਸੀਆਂ ਨੂੰ ਸੂਬਾ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਲਏ ਜਾ ਰਹੇ ਵੱਡੇ-ਵੱਡੇ ਫੈਸਲਿਆਂ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਲੋਕਾਂ ਲਈ ਵਧੇਰੀ ਲਾਹੇਵੰਦ ਹੈ। ਇਸ ਯੋਜਨਾ ਰਾਹੀਂ ਲੋਕ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਕਰਵਾ ਸਕਦੇ ਹਨ। ਇਸ ਲਈ ਉਨ੍ਹਾਂ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਪਿੰਡਾਂ ਦਾ ਵਿਕਾਸ ਕਰਨ ਲਈ ਵਚਨਬੱਧ ਹੈ, ਪਰ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਆਰ.ਡੀ.ਐਫ. ਅਤੇ [illegible] ਵਿੱਚ ਰੁਕਾਵਟਾਂ ਪੈਦਾ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਮੇਸ਼ਾ ਤੋਂ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਇਸੇ ਲਈ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਦੇ ਫੰਡਾਂ ਨੂੰ ਰੋਕ ਰੱਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀ ਧੱਕੇਸ਼ਾਹੀ ਦੇ ਬਾਵਜੂਦ ਪੰਜਾਬ ਦੇ ਪਿੰਡਾਂ ਦਾ ਚਹੁਪੱਖੀ ਵਿਕਾਸ ਕਰਕੇ ਰਹੇਗੀ।

ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਧੰਨਵੰਤ ਸਿੰਘ ਸਾਬਕਾ ਸਰਪੰਚ ਧਰਮਕੋਟ (ਯੂਥ ਵਿੰਗ ਮੈਂਬਰ), ਰਾਮ ਲਾਲ ਸਰਪੰਚ ਧਰਮਕੋਟ, ਸੁਖਬੀਰ ਸਿੰਘ ਸਰਪੰਚ ਵਲੀਪੁਰ, ਪਰਗਟ ਸਿੰਘ ਸਰਪੰਚ ਮੁੰਡਖੇੜਾਂ, ਗੁਲਜਾਰ ਸਿੰਘ ਦੁਘਾਟ, ਬਲਵਿੰਦਰ ਸਿੰਘ ਮੌਜੂਦਾ ਮੈਂਬਰ, ਭੁਪਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ ਅਤੇ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਮੌਜੂਦ ਰਹੇ।

# ਫਲੈਗ : ਸਰਕਾਰੀ ਵਿਭਾਗਾਂ ਅੰਦਰ ਭ੍ਰਿਸ਼ਟਾਚਾਰ ਦਾ ਬੋਲਬਾਲਾ ਸਿਖਰਾਂ 'ਤੇ

# ਪ੍ਰਿੰਸੀਪਲ ਦੀ ਪੈਨ ਡਰਾਇਵ ਤੋਂ ਬਿਨ੍ਹਾਂ ਸਕੂਲੀ ਕਲਰਕ ਕਿਵੇਂ ਸੈਕਸ਼ਨ ਕਰਵਾ ਸਕਦਾ ਹੈ ਜੀ. ਪੀ. ਫੰਡ

- ➢ ਰਿਟਾਇਰੀ ਅਧਿਆਪਕ ਗੁਰਮੀਤ ਕੌਰ ਨੇ ਸਕੂਲੀ ਕਰਲਕ ਦੀ ਵੱਡੀ ਜਾਲਸਾਜੀ ਦਾ ਕੀਤਾ ਖੁਲਾਸਾ
- ➢ ਮਾਸਟਰਮਾਈਂਡ ਸਕੂਲੀ ਕਲਰਕ ਨੇ ਫਿਲਮਾਂ ਦੀ ਤਰਜ 'ਤੇ ਸਰਕਾਰੀ ਖਜਾਨੇ ਨੂੰ ਕੀਤੀ ਸੰਨ੍ਹ ਲਾਉਣ ਦੀ ਕੋਸ਼ਿਸ਼

**ਪਟਿਆਲਾ, 11 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

-ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਮੁਲਾਜ਼ਮ ਅਤੇ ਅਧਿਕਾਰੀ ਮੋਟੀਆਂ ਤਨਖਾਹਾਂ ਸਰਕਾਰੀ ਖਜ਼ਾਨੇ ਵਿਚੋਂ ਵਸੂਲ ਕਰਨ ਦੇ ਬਾਵਜੂਦ ਵੀ ਭ੍ਰਿਸ਼ਟਾਚਾਰ ਕਰਨ ਬਾਜ ਨਹੀਂ ਆਉਂਦੇ। ਨਿੱਤ ਦਿਨ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਸਰਕਾਰੀ ਖਜ਼ਾਨੇ ਨਾਲ ਹੀ ਠੱਗੀਠੋਰੀ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਨਾਭਾ ਤੇ ਜ਼ਿਲਾ ਸਿੱਖਿਆ ਵਿਭਾਗ ਪਟਿਆਲਾ ਅਧੀਨ ਪੈਂਦੇ ਨਾਭਾ ਹਲਕੇ ਦੇ ਸਕੂਲ ਆਫ ਐਮੀਨੈਂਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨਾਭਾ ਦੇ ਰਿਟਾਇਰੀ ਅਧਿਆਪਕ ਦੇ ਜੀ.ਪੀ. ਫੰਡ ਕਢਵਾਉਣ ਦਾ ਮਾਮਲਾ ਵੱਡੇ ਵੱਧਰ 'ਤੇ ਸੁਰਖੀਆਂ ਵਿੱਚ ਛਾਇਆ ਹੋਇਆ ਹੈ। ਲਿਹਾਜ਼ਾ ਹੈਰਾਨੀਜਨਕ ਗੱਲ ਉਦੋਂ ਸਾਹਮਣੇ ਆਈ ਜਦੋਂ ਪ੍ਰਿੰਸੀਪਲ ਕੋਲ ਸਕੂਲ ਦਾ ਚਾਰਜ ਹੋਣ ਦੇ ਬਾਵਜੂਦ ਵੀ ਰਿਟਾਇਰੀ ਮੁਲਾਜ਼ਮ ਦੇ ਜੀ.ਪੀ. ਫੰਡ ਡੀ.ਡੀ.ਓ. ਦੀ ਪੈਨ ਡਰਾਇਵ ਤੋਂ ਬਿਨ੍ਹਾਂ ਪਾਸ ਨਹੀਂ ਹੋ ਸਕਦੇ ਪਰ ਇਹ ਫੰਡ ਸੈਕਸ਼ਨ ਹੋ ਕੇ ਸਰਕਾਰੀ ਖਜ਼ਾਨੇ ਤੱਕ ਪਹੁੰਚ ਗਏ। ਜਿੱਥੇ ਸਾਫ ਤੌਰ 'ਤੇ ਦੇਖਿਆ ਜਾ ਸਕਦਾ ਹੈ। ਕਿ ਡੀ.ਡੀ.ਓ. ਦੇ ਸਾਇਨ ਉਨ੍ਹਾਂ ਦੀ ਅਪਰੂਵਲ ਕਿਵੇਂ ਹੋਈ ਅਤੇ ਸਮੁੱਚੇ ਬਿਲਾਂ 'ਤੇ ਸਮੁੱਚੇ ਅਧਿਕਾਰੀਆਂ ਦੇ ਸਾਇਨ ਕਿਵੇਂ ਕਿਤੇ ਗਏ ਇਹ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਸਕੂਲ ਦੀ ਅਧਿਆਪਕ ਗੁਰਮੀਤ ਕੌਰ ਜੋ ਕਿ ਨਵੰਬਰ ਮਹੀਨੇ ਵਿੱਚ ਰਿਟਾਇਰ ਹੋ ਚੁੱਕੇ ਹਨ। ਜਿਨ੍ਹਾਂ ਦੇ 35 ਲੱਖ ਮਿਲੀਭੁਗਤ ਨਾਲ ਜੀ. ਪੀ. ਫੰਡ ਦੇ ਗਬਨ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਇਸ ਕੋਸ਼ਿਸ਼ ਨੂੰ ਨਾਭਾ ਖਜਾਨਾ ਅਫਸਰ ਦੀ ਸੂਝ-ਬੂਝ ਨੇ ਨਾਕਾਮ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰਿੰਸੀਪਲ ਇੰਦਰਪ੍ਰੀਤ ਘਈ ਇਸ ਮਾਮਲੇ ਤੋਂ ਸਾਫ ਤੌਰ 'ਤੇ ਪੱਲਾ ਝਾੜਦੇ ਨਜ਼ਰ ਆ ਰਹੇ ਹਨ। ਕਿ ਇਸ ਜਾਲਸਾਜ਼ੀ ਮਾਮਲੇ ਵਿੱਚ ਮੇਰਾ ਕੋਈ ਰੋਲ ਨਹੀਂ ਹੈ। ਉਥੇ ਹੀ ਰਿਟਾਇਰੀ ਅਧਿਆਪਕ ਗੁਰਮੀਤ ਕੌਰ 'ਤੇ ਸਾਫ ਕਰ ਦਿੱਤਾ ਕਿ ਮੇਰੇ ਵੱਲੋਂ 90




ਪ੍ਰਤੀਸ਼ਤ ਫੰਡ ਪਹਿਲਾਂ ਹੀ ਲਏ ਜਾ ਚੁੱਕੇ ਹਨ ਪਰ ਹੁਣ 10 ਪ੍ਰਤੀਸ਼ਤ ਰਹਿੰਦੇ ਫੰਡਾਂ ਦੀ ਇੰਨੀ ਰਕਮ ਨਹੀਂ ਬਣਦੀ ਪਰ ਮਾਸਟਰ ਮਾਇੰਡ ਸਕੂਲੀ ਕਰਲਕ ਨੇ ਸਮੁੱਚੇ ਮਾਮਲੇ ਨੂੰ ਅੰਜ਼ਾਮ ਦਿੰਦੇ ਹੋਏ ਬੜੇ ਹੀ ਫਿਲਮੀ ਸਟਾਇਲ ਨਾਲ ਅਧਿਆਪਕ ਗੁਰਮੀਤ ਕੌਰ ਦੇ ਨਾਮ ਨਾਲ ਮਿਡ ਡੇਅ ਮੀਲ ਵਿੱਚ ਬਤੌਰ ਕੰਮ ਕਰਨ ਵਾਲੀ ਗੁਰਮੀਤ ਕੌਰ ਦੇ ਜਾਲਸਾਜ਼ੀ ਨਾਲ ਰਕਮ ਨੂੰ ਟਰਾਂਸਫਰ ਕਰਨ ਲਈ ਨਵਾਂ ਖਾਤਾ ਖੁਲਵਾਇਆ ਗਿਆ ਤਾਂ ਜੋ ਸਮੁੱਚੇ ਫੰਡਾਂ ਨੂੰ ਬੜੇ ਹੀ ਤਰੀਕੇ ਨਾਲ ਖਾਧਾ ਜਾ ਸਕੇ। ਜਿਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਸ ਮਾਮਲੇ ਵਿੱਚ ਹੋਰ ਕਿਹੜੇ ਸਿੱਖਿਆ ਵਿਭਾਗ ਅਤੇ ਸਕੂਲ ਮੁਲਾਜ਼ਮ ਰਲੇ ਹੋਏ ਹਨ। ਇਹ ਇੱਕ ਵੱਡੀ ਜਾਂਚ ਦਾ ਵਿਸ਼ਾ ਬਣਿਆ ਹੋਇਆ ਹੈ। ਸੂਤਰਾਂ ਤੋਂ ਪਤਾ ਚਲਿਆ ਹੈ ਕਿ ਜਲਦ ਹੀ ਇਸ ਸਮੁੱਚੇ ਮਾਮਲੇ ਵਿੱਚ ਵੱਡੇ ਪੱਧਰ 'ਤੇ ਇਨਕੁਆਰੀ ਸ਼ੁਰੂ ਹੁੰਦੀ ਹੈ ਤਾਂ ਇਸ ਕਲਕਰ ਦੇ ਹੋਰ ਵੀ ਵੱਡੇ ਖੁਲਾਸੇ ਸਾਹਮਣੇ ਆ ਸਕਦੇ ਹਨ।

**ਮਾਸਟਰਮਾਇੰਡ ਸਕੂਲੀ ਕਲਰਕ ਦੇ ਜਾਲਸਾਜ਼ੀ ਦੀ ਹੋਵੇ ਜਾਂਚ : ਅਧਿਆਪਕਾ**

ਸਰਕਾਰੀ ਸਕੂਲ ਦੀ ਰਿਟਾਇਰ ਹੋ ਚੁੱਕੀ ਅਧਿਆਪਕਾ ਗੁਰਮੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਸਰਕਾਰ ਤੋਂ ਲੈਣ ਵਾਲੇ ਜੀ.ਪੀ. ਫੰਡ ਦੇ 90 ਪ੍ਰਤੀਸ਼ਤ ਪੈਸੇ ਲਏ ਜਾ ਚੁੱਕੇ ਹਨ ਅਤੇ ਹੁਣ 10 ਪ੍ਰਤੀਸ਼ਤ ਰਾਸ਼ੀ ਬਾਕੀ ਸੀ। ਜਿਸਦੀ ਇੰਨੀ ਵੱਡੀ ਰਕਮ ਨਹੀਂ ਬਣਦੀ ਪਰ ਮਾਸਟਰਮਾਇੰਡ ਸਕੂਲੀ ਕਲਰਕ ਦੀ ਜਾਲਸਾਜ਼ੀ ਦੀ ਜਾਂਚ ਹੋਣੀ ਚਾਹੀਦੀ ਤਾਂ ਜੋ ਮੁੜ ਤੋਂ ਕੋਈ ਵੀ ਘਪਲਾ ਨਾ ਹੋ ਸਕੇ।

**ਪੈਨਸ਼ਨ ਲਗਾਉਣ ਦੇ ਬਹਾਨੇ ਨਾਲ ਖੁਲਾਇਆ ਗਿਆ ਸੀ ਮੇਰਾ ਖਾਤਾ : ਕੁੱਕ ਗੁਰਮੀਤ ਕੌਰ**

35 ਲੱਖ ਵਾਲੇ ਜੀ.ਪੀ. ਫੰਡ ਘਪਲੇ ਮਾਮਲੇ ਵਿੱਚ ਸਬੰਧੀ ਜਦੋਂ ਮਿਡ ਡੇਅ ਮੀਲ ਕੁੱਕ ਗੁਰਮੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਕੁੱਝ ਨਹੀਂ ਪਤਾ ਮੇਰੀ ਪੈਨਸ਼ਨ ਲਗਾਉਣ ਦਾ ਝਾਂਸਾ ਦੇ ਕੇ ਮੇਰਾ ਖਾਤਾ ਖੁਲਾਇਆ ਗਿਆ ਸੀ।

**ਅਧਿਕਾਰੀ ਪਾਸ ਪਹੁੰਚੀ ਰਿਪੋਰਟ ਤੋਂ ਬਾਅਦ ਹੋਰ ਨਵੇਂ ਹੋਣਗੇ ਖੁਲਾਸੇ**

ਸਕੂਲੀ ਕਲਰਕ ਜਸਪਾਲ ਸਿੰਘ ਖਿਲਾਫ ਪੜ੍ਹਤਾਲ ਦੀ ਸਮੁੱਚੀ ਕਾਰਵਾਈ ਕਰਨ ਲਈ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਨੂੰ ਰਿਪੋਰਟ ਸੌਂਪ ਦਿੱਤੀ ਗਈ ਹੈ ਤਾਂ ਜੋ ਸਿੱਖਿਆ ਵਿਭਾਗ ਵਿਚ ਭ੍ਰਿਸ਼ਟਾਚਾਰ ਕਰਨ ਵਾਲਿਆਂ 'ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ। ਉਥੇ ਹੀ ਸਿੱਖਿਆ ਵਿਭਾਗ ਪੰਜਾਬ ਦੇ ਉਚ ਅਧਿਕਾਰੀ ਦੀ ਰਿਪੋਰਟ ਤੋਂ ਬਾਅਦ ਹੋਰ ਨਵੇਂ ਖੁਲਾਸੇ ਹੋਣ ਦੇ ਚਰਚੇ ਸਿਖਰਾਂ 'ਤੇ ਹਨ ਕਿਉਂਕਿ ਮਾਸਟਰਮਾਇੰਡ ਸਕੂਲੀ ਕਲਰਕ ਤੇਜ ਤਰਾਰੀ ਕਾਰਨ ਕਈ ਸਕੂਲਾਂ ਦੇ ਅਧਿਆਪਕ ਅਤੇ ਪ੍ਰਿੰਸੀਪਲ ਦੁਖੀ ਹੋ ਕੇ ਆਪਣੀ ਬਦਲੀਆਂ ਵੀ ਕਰਵਾ ਚੁੱਕੇ ਹਨ।

# ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਦਾ ਰਾਹ ਰੋਕਣ ਦੀ ਵੀਡੀਓ ਜਾਰੀ

## ਜੇ ਭਾਜਪਾ ਸੰਸਦ ਮੈਂਬਰਾਂ ਨੂੰ ਰੋਕਿਆ ਨਾ ਹੁੰਦਾ ਤਾਂ ਹਾਲਾਤ ਖਰਾਬ ਹੋ ਜਾਣੇ ਸਨ: ਕਿਰੇਨ ਰਿਜਿਜੂ

ਨਵੀਂ ਦਿੱਲੀ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਵਿੱਚ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਿਹਾ ਰੌਲਾ ਰੱਪਾ ਅੱਜ ਉਸ ਵੇਲੇ ਹੋਰ ਵਧ ਗਿਆ ਜਦੋਂ ਸਰਕਾਰ ਨੇ ਸਦਨ ਅੰਦਰ ਦੀ ਇੱਕ ਵੀਡੀਓ ਫੁਟੇਜ ਜਾਰੀ ਕੀਤੀ। ਇਸ ਵੀਡੀਓ ਵਿੱਚ ਵਿਰੋਧੀ ਧਿਰ ਦੀਆਂ ਮਹਿਲਾ ਸੰਸਦ ਮੈਂਬਰਾਂ ਹੱਥਾਂ ਵਿੱਚ ਬੈਨਰ ਫੜ ਕੇ ਸੱਤਾ ਪੱਖ ਵਾਲੇ ਪਾਸੇ ਜਾਂਦੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਸਤੇ ਨੂੰ ਰੋਕਦੀਆਂ ਦਿਖਾਈ ਦੇ ਰਹੀਆਂ ਹਨ। ਇਹ ਘਟਨਾ 4 ਫਰਵਰੀ ਦੀ ਦੱਸੀ ਜਾ ਰਹੀ ਹੈ। ਸੰਸਦੀ ਮੰਤਰੀ ਕਿਰੇਨ ਰਿਜਿਜੂ ਨੇ ਇਸ ਫੁਟੇਜ ਨੂੰ ਸਾਂਝਾ ਕਰਦਿਆਂ ਕਾਂਗਰਸ ਦੀ ਸੰਸਦ ਮੈਂਬਰ ਜੋਤੀਮਣੀ ਦੀ ਅਗਵਾਈ ਵਿੱਚ ਕੀਤੇ ਗਏ ਇਸ ਵਿਰੋਧ ਪ੍ਰਦਰਸ਼ਨ ਦੀ ਸਖ਼ਤ ਨਿਖੇਧੀ ਕੀਤੀ ਹੈ।



ਕਿਰੇਨ ਰਿਜਿਜੂ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਆਪਣੇ ਸੰਸਦ ਮੈਂਬਰਾਂ ਦੇ ਇਸ ਮਾੜੇ ਵਿਹਾਰ 'ਤੇ ਮਾਣ ਹੈ ਪਰ ਜੇਕਰ ਭਾਜਪਾ ਦੇ ਸੰਸਦ ਮੈਂਬਰਾਂ ਨੂੰ ਰੋਕਿਆ ਨਾ ਜਾਂਦਾ ਤਾਂ ਸਦਨ ਵਿੱਚ ਹਾਲਾਤ ਬਹੁਤ ਖ਼ਰਾਬ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੰਸਦ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਬਚਾਉਣ ਲਈ ਬਹੁਤ ਸੰਜਮ ਤੋਂ ਕੰਮ ਲਿਆ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਤਣਾਅ ਹੋਰ ਵਧ ਗਿਆ ਹੈ ਅਤੇ ਸਰਕਾਰ ਹੁਣ ਵਿਰੋਧੀ ਧਿਰ ਖ਼ਿਲਾਫ਼ ਹਮਲਾਵਰ ਰੁਖ਼ ਅਖਤਿਆਰ ਕਰ ਰਹੀ ਹੈ।

ਦੂਜੇ ਪਾਸੇ, ਵਿਰੋਧੀ ਧਿਰ ਨੇ ਵੀ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। 100 ਤੋਂ ਵੱਧ ਵਿਰੋਧੀ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਹੁਦੇ ਤੋਂ ਹਟਾਉਣ ਲਈ ਨੋਟਿਸ ਦੇਣ ਦੀ ਤਿਆਰੀ ਕਰ ਲਈ ਹੈ ਅਤੇ ਇਸ 'ਤੇ ਦਸਤਖਤ ਵੀ ਕਰ ਦਿੱਤੇ ਹਨ। ਹਾਲਾਂਕਿ ਤ੍ਰਿਣਮੂਲ ਕਾਂਗਰਸ ("$3) ਨੇ ਅਜੇ ਤੱਕ ਇਸ ਨੋਟਿਸ 'ਤੇ ਦਸਤਖਤ ਨਹੀਂ ਕੀਤੇ ਹਨ ਅਤੇ ਉਹ ਇਸ ਮੁਹਿੰਮ ਤੋਂ ਦੂਰ ਨਜ਼ਰ ਆ ਰਹੀ ਹੈ। ਸਪੀਕਰ ਵਿਰੁੱਧ ਅਵਿਸ਼ਵਾਸ ਵਰਗੇ ਮਤੇ ਅਤੇ ਸਰਕਾਰ ਵੱਲੋਂ ਜਾਰੀ ਕੀਤੀ ਵੀਡੀਓ ਨੇ ਬਜਟ ਸੈਸ਼ਨ ਦੀ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

# ਕਾਂਗਰਸ ਵੱਲੋਂ ਲੋਕ ਸਭਾ ਸਪੀਕਰ ਖ਼ਿਲਾ.ਫ ਬੇਭਰੋਸਗੀ ਮਤੇ ਦਾ ਨੋਟਿਸ ਪੇਸ਼

## ਸੰਸਦ ਮੈਂਬਰਾਂ ਦੀ ਆਵਾਜ਼ ਦਬਾ ਰਹੀ ਹੈ ਸਰਕਾਰ: ਰਾਹੁਲ ਗਾਂਧੀ

ਨਵੀਂ ਦਿੱਲੀ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬਜਟ ਸੈਸ਼ਨ ਦੇ 10ਵੇਂ ਦਿਨ ਮੰਗਲਵਾਰ ਨੂੰ ਲੋਕ ਸਭਾ ਵਿੱਚ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ, ਜਿਸ ਕਾਰਨ ਪ੍ਰਸ਼ਨ ਕਾਲ ਦੀ ਕਾਰਵਾਈ ਨਹੀਂ ਹੋ ਸਕੀ। ਸਵੇਰੇ 11 ਵਜੇ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਵਿਰੋਧੀ ਧਿਰ ਨੇ ਵੱਖ-ਵੱਖ ਮੁੱਦਿਆਂ 'ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਚਰਚਾ ਨਾ ਹੋਣ ਕਾਰਨ ਪੀ.ਸੀ. ਮੋਹਨ ਨੇ ਮਹਿਜ਼ ਇੱਕ ਮਿੰਟ ਬਾਅਦ ਹੀ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਜਦੋਂ 12 ਵਜੇ ਕਾਰਵਾਈ ਮੁੜ ਸ਼ੁਰੂ ਹੋਈ ਤਾਂ ਵੀ ਵਿਰੋਧੀ ਸੰਸਦ ਮੈਂਬਰਾਂ ਨੇ ਵੁਈ ਵਾਂਟ ਜਸਟਿਸ ਦੇ ਨਾਅਰੇ ਲਗਾਉਂਦੇ ਹੋਏ ਹੰਗਾਮਾ ਜਾਰੀ ਰੱਖਿਆ। ਸਦਨ ਵਿਚ ਵਿਰੋਧੀ ਧਿਰਾਂ ਨੇ ਮੁੜ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਲੋਕ ਸਭਾ ਦੀ ਕਾਰਵਾਈ ਦੋ ਵਜੇ ਤਕ ਮੁਲਤਵੀ ਕਰ ਦਿੱਤੀ ਗਈ।



ਕਾਂਗਰਸ ਪਾਰਟੀ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦਾ ਨੋਟਿਸ ਦਿੱਤਾ ਹੈ। ਇਸ ਮਤੇ 'ਤੇ 118 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਕਾਂਗਰਸ ਦੇ ਸੰਸਦ ਮੈਂਬਰ ਗੌਰਵ ਗੋਗੋਈ ਨੇ ਦੱਸਿਆ ਕਿ ਇਹ ਨੋਟਿਸ ਅੱਜ ਦੁਪਹਿਰ ਦੇ 1:14 ਵਜੇ ਪੇਸ਼ ਕੀਤਾ ਗਿਆ।

ਕਾਂਗਰਸ ਵਲੋਂ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਪੇਸ਼ ਕੀਤੇ ਗਏ ਨੋਟਿਸ ਵਿਚ ਕਿਹਾ ਗਿਆ ਹੈ ਕਿ ਕਈ ਮੌਕਿਆਂ 'ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਉਨ੍ਹਾਂ ਦਾ ਲੋਕਤੰਤਰੀ ਅਧਿਕਾਰ ਖੋਹਿਆ ਗਿਆ ਹੈ। ਇਹ ਨੋਟਿਸ ਭਾਰਤ ਦੇ ਸੰਵਿਧਾਨ ਦੇ ਅਨੁਛੇਦ 94 (ਸੀ) ਦੇ ਉਪਬੰਧ ਅਨੁਸਾਰ ਦਿੱਤਾ ਗਿਆ ਹੈ ਕਿਉਂਕਿ ਲੋਕ ਸਭਾ ਦੇ ਕੰਮਕਾਜ ਨੂੰ ਚਲਾਉਣ ਲਈ ਪੱਖਪਾਤੀ ਵਿਹਾਰ ਕੀਤਾ ਜਾ ਰਿਹਾ ਹੈ।

ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਦਨ ਵਿੱਚ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

ਸਦਨ ਦੇ ਬਾਹਰ ਵੀ ਸਿਆਸੀ ਪਾਰਾ ਵਧਿਆ। ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ ਨਾਲ ਜੁੜੇ ਵਿਵਾਦ 'ਤੇ ਬੋਲਦਿਆਂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਾਂ ਤਾਂ ਸਾਬਕਾ ਫੌਜ ਮੁਖੀ ਝੂਠ ਬੋਲ ਰਹੇ ਹਨ ਜਾਂ ਫਿਰ ਸਰਕਾਰ ਪਰ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਜਨਰਲ ਨਰਵਣੇ ਕਦੇ ਝੂਠ ਨਹੀਂ ਬੋਲਣਗੇ। ਇਸ ਬਿਆਨ ਨੇ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਹੀ ਖਿੱਚੋਤਾਣ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਜਿਸ ਕਾਰਨ ਬਜਟ ਸੈਸ਼ਨ ਦੇ ਆਉਣ ਵਾਲੇ ਦਿਨਾਂ ਵਿੱਚ ਵੀ ਭਾਰੀ ਹੰਗਾਮੇ ਦੇ ਆਸਾਰ ਹਨ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ 18ਵਾਂ ਵਿਸ਼ਾਲ ਸ਼੍ਰੀ ਹਨੂੰਮਾਨ ਚਾਲੀਸਾ ਪਾਠ ਸਮਾਰੋਹ ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ 24 ਨੂੰ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ 18ਵਾਂ ਵਿਸ਼ਾਲ ਸ਼੍ਰੀ ਹਨੂੰਮਾਨ ਚਾਲੀਸਾ ਪਾਠ ਸਮਾਰੋਹ ਪਟਿਆਲਾ, ਪੰਜਾਬ ਦੇ ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

ਇਸ ਸਬੰਧ ਵਿੱਚ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਅਤੇ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਸ਼ਾਖਾ ਦੇ ਸੀਨੀਅਰ ਅਹੁਦੇਦਾਰਾਂ ਦੀ ਇੱਕ ਸਾਂਝੀ ਮੀਟਿੰਗ ਪਟਿਆਲਾ ਵਿੱਚ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਪਾਰਟੀ ਦੇ ਰਾਸ਼ਟਰੀ ਮੁਖੀ ਸ਼੍ਰੀ ਪਵਨ ਗੁਪਤਾ ਨੇ ਕੀਤੀ।



ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪੰਜਾਬ ਵੱਲੋਂ, ਪੰਜਾਬ ਦੇ ਚੇਅਰਮੈਨ ਸ਼੍ਰੀ ਹੇਮਰਾਜ ਗੋਇਲ, ਪੰਜਾਬ ਪ੍ਰਧਾਨ ਸ਼੍ਰੀ ਬਦਰੀ ਪ੍ਰਸਾਦ, ਸੂਬਾ ਜਨਰਲ ਸਕੱਤਰ ਸ਼੍ਰੀ ਚੰਦ ਸ਼ਰਮਾ ਅਤੇ ਮਹਿਲਾ ਸੇਵਾ ਦਲ ਦੀ ਪੰਜਾਬ ਸੂਬਾ ਪ੍ਰਧਾਨ ਸ਼੍ਰੀ ਸੁਮਨ ਗੁਪਤਾ, ਮਹਿਲਾ ਸੇਵਾ ਦਲ ਦੀ ਸੂਬਾ ਜਨਰਲ ਸਕੱਤਰ, ਸ਼੍ਰੀ ਗੀਤਾ ਗੋਇਲ, ਧਰਮ ਪ੍ਰਚਾਰਕ ਸ਼੍ਰੀ ਪਵਨਜੀਤ ਸ਼ਰਮਾ, ਸ਼੍ਰੀ ਰਮੇਸ਼ ਸ਼ਰਮਾ, ਸ਼੍ਰੀਮਤੀ ਸੁਨੀਤਾ, ਸ਼੍ਰੀਮਤੀ ਵੀਰਤਾ, ਸ਼੍ਰੀ ਪੱਪੂ, ਸ਼੍ਰੀ ਗੁੱਡੂ ਸ਼ਰਮਾ ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਹੋਰ ਸਾਰੇ ਅਹੁਦੇਦਾਰ ਅਤੇ ਵਲੰਟੀਅਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਇਸੇ ਤਰ੍ਹਾਂ, ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਦੇ ਸਾਰੇ ਸੀਨੀਅਰ ਅਧਿਕਾਰੀ, ਜਿਨ੍ਹਾਂ ਵਿੱਚ ਸ਼੍ਰੀ ਕ੍ਰਿਸ਼ਨ ਸ਼ਰਮਾ, ਰਾਸ਼ਟਰੀ ਜਨਰਲ ਸਕੱਤਰ, ਸ਼੍ਰੀ ਹੇਮਰਾਜ ਗੋਇਲ, ਰਾਸ਼ਟਰੀ ਸਲਾਹਕਾਰ, ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ, ਸ਼੍ਰੀ ਰਾਮ ਬੱਚਨ, ਸ਼੍ਰੀਮਤੀ ਮਨਦੀਪ ਸ਼ਰਮਾ, ਸ਼੍ਰੀ ਨੋਹਰੀਆ, ਸ਼੍ਰੀ ਵਿਕਾਸ ਕਪੂਰ, ਸ਼੍ਰੀ ਅਜੈ ਚੌਹਾਨ, ਸ਼੍ਰੀ ਰਾਮਚੰਦਰ, ਸ਼੍ਰੀ ਕ੍ਰਿਸ਼ਨਾ ਗਾਬਾ, ਸ਼੍ਰੀ ਅਮਰਜੀਤ ਬੰਟੀ, ਸ਼੍ਰੀ ਹਿਤੇਸ਼ ਰਿੰਕੂ, ਸ਼੍ਰੀ ਨਵਦੀਪ ਮਿੱਤਲ, ਸ਼੍ਰੀ ਰਾਕੇਸ਼ ਕੁਮਾਰ, ਸ਼੍ਰੀ ਅਖਿਲੇਸ਼ ਕੁਮਾਰ, ਸ਼੍ਰੀ ਬੀ.ਐਨ. ਗਿਰੀ, ਸ਼੍ਰੀਮਤੀ ਕਿਰਨ ਜੈਨ ਅਤੇ ਸ਼੍ਰੀ ਜੈਨ ਸ਼ਾਮਲ ਸਨ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਮਨਾਏ ਜਾ ਰਹੇ ਸ਼੍ਰੀ ਹਨੂੰਮਾਨ ਚਾਲੀਸਾ ਦੇ 18ਵੇਂ ਸਾਲਾਨਾ ਪਾਠ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਸਾਰਿਆਂ ਨੂੰ ਡਿਊਟੀਆਂ ਸੌਂਪੀਆਂ ਗਈਆਂ ਸਨ। ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਅਧਿਕਾਰੀ ਅਤੇ ਪ੍ਰਤੀਨਿਧੀ ਉਸ ਦਿਨ ਇਸ ਧਾਰਮਿਕ ਸਮਾਰੋਹ ਵਿੱਚ ਸ਼ਰਧਾਲੂਆਂ ਵਜੋਂ ਸੰਤਾਂ, ਮਹਾਤਮਾਵਾਂ, ਸਤਿਕਾਰਯੋਗ ਮਹਾਂਮੰਡਲੇਸ਼ਵਰਾਂ ਅਤੇ ਆਚਾਰਿਆਵਾਂ ਦੀਆਂ ਸਨਾਤਨ ਸਿੱਖਿਆਵਾਂ ਸੁਣਨ ਲਈ ਮੌਜੂਦ ਰਹਿਣਗੇ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪ੍ਰਧਾਨ ਅਖਾੜਾ ਪ੍ਰੀਸ਼ਦ ਸ਼੍ਰੀ ਰਵਿੰਦਰ ਪੁਰੀ ਜੀ ਦੀ ਅਗਵਾਈ ਹੇਠ ਇਸ ਧਾਰਮਿਕ ਸਮਾਗਮ ਵਿੱਚ ਆਉਣ ਵਾਲੇ ਦੇਸ਼ ਦੇ ਮਹਾਨ ਸੰਤਾਂ ਅਤੇ ਸਾਰੇ ਪੂਜਨੀਕ ਸੰਤਾਂ ਦਾ ਸਵਾਗਤ ਅਤੇ ਸਨਮਾਨ ਕਰੇਗਾ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਾਰੇ ਅਹੁਦੇਦਾਰਾਂ ਨੇ ਸਨਾਤਨ ਧਰਮ ਦੇ ਸਾਰੇ ਭਗਤਾਂ ਨੂੰ ਇਸ ਵਿਸ਼ਾਲ 18ਵੇਂ ਸ਼੍ਰੀ ਹਨੂੰਮਾਨ ਚਾਲੀਸਾ ਪਾਠ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਦੀ ਭਾਗੀਦਾਰੀ ਲਈ ਵਿਸ਼ੇਸ਼ ਪ੍ਰਾਰਥਨਾ ਕੀਤੀ ਜਾਵੇਗੀ।

# ਐਸ.ਸੀ.ਕਮਿਸਨ ਵਲੋਂ ਭੇਜੇ ਨੋਟਿਸ ਨੂੰ ਪ੍ਰਤਾਪ ਸਿੰਘ ਬਾਜਵਾ ਦੇ ਘਰੇਲੂ ਮੁਲਾਜ਼ਮਾਂ ਨੇ ਲੈਣ ਤੋਂ ਕੀਤਾ ਇਨਕਾਰ: ਜਸਵੀਰ ਸਿੰਘ ਗੜ੍ਹੀ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਭੇਜੇ ਗਏ ਨੋਟਿਸ ਨੂੰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਚੰਡੀਗੜ੍ਹ ਸਥਿਤ ਸੈਕਟਰ 8 ਅਤੇ ਸੈਕਟਰ 39 ਦੇ ਨਿਵਾਸ ਅਸਥਾਨ ਦੇ ਘਰੇਲੂ ਮੁਲਾਜ਼ਮਾਂ ਵੱਲੋਂ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ। ਇਹ ਜਾਣਕਾਰੀ ਅੱਜ ਇੱਥੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਵੱਲੋਂ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਕੀਤੀ ਗਈ ਜਾਤੀ ਸੂਚਿਕ ਟਿੱਪਣੀ ਬਾਬਤ ਐਸ.ਸੀ. ਕਮਿਸ਼ਨ ਵੱਲੋਂ ਲਏ ਗਏ ਸੂ ਮੋਟੋ ਨੋਟਿਸ ਦੀ ਤਾਮੀਲ ਕਰਵਾਉਣ ਲਈ ਕਮਿਸ਼ਨ ਦਾ ਮੁਲਾਜ਼ਮ ਦੋ ਵਾਰ ਵਿਰੋਧੀ ਧਿਰ ਦੇ ਆਗੂ ਦੇ ਘਰ ਜਾ ਚੁੱਕਾ ਹੈ। ਗੜ੍ਹੀ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੂੰ ਪਹਿਲਾਂ ਤਰਨ ਤਾਰਨ ਇਲੈਕਸ਼ਨ ਦੌਰਾਨ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਹੁਣ ਫਿਰ 90 ਦਿਨਾਂ ਦੇ ਵਿੱਚ ਵਿੱਚ ਇੱਕ ਹੋਰ ਮਾਮਲੇ ਵਿੱਚ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਵੱਲੋਂ ਆਪਣੇ ਇਸ ਬਿਆਨ ਰਾਹੀਂ ਜਿੱਥੇ ਆਪਣੀ ਜਗੀਰੂ ਸੋਚ ਦਾ ਪ੍ਰਗਟਾਵਾ ਕੀਤਾ ਹੈ ਉੱਥੇ ਨਾਲ ਹੀ ਕਾਂਗਰਸ ਪਾਰਟੀ ਦੇ ਦਲਿਤ ਵਿਰੋਧੀ ਡੀ.ਐਨ.ਏ. ਦਾ ਚਿਹਰਾ ਮੋਹਰਾ ਵੀ ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਦਲਿਤ ਵਿਰੋਧੀ ਮਾਨਸਿਕਤਾ ਦਾ ਆਪਣੇ ਬਿਆਨਾਂ ਰਾਹੀਂ ਪ੍ਰਗਟਾਵਾ ਕਰ ਚੁੱਕੇ ਹਨ ਤੇ ਕਮਿਸ਼ਨ ਜਲਦ ਉਨ੍ਹਾਂ ਖਿਲਾਫ ਵੀ ਕਾਰਵਾਈ ਕਰਨ ਜਾ ਰਿਹਾ ਹੈ।ਸ. ਗੜ੍ਹੀ ਨੇ ਕਿਹਾ ਕਿ ਹਰਭਜਨ ਸਿੰਘ ਈ.ਟੀ.ਓ. ਨੇ ਆਪਣੇ ਜੀਵਨ ਵਿੱਚ ਦੁਸ਼ਵਾਰੀਆਂ ਦੇ ਬਾਵਜੂਦ ਐਮ.ਏ., ਬੀ.ਐੱਡ. ਕਰਨ ਤੋਂ ਬਾਅਦ ਬੱਚਿਆਂ ਨੂੰ ਸਿੱਖਿਆ ਦੇਣ ਦਾ ਕਾਰਜ ਕੀਤਾ ਅਤੇ ਫਿਰ ਪੰਜਾਬ ਦੀ ਬਹੁਤ ਹੀ ਮਾਣਮੱਤੀ ਤੇ ਵੱਕਾਰੀ ਪੀ.ਸੀ.ਐਸ. ਦੀ ਪ੍ਰੀਖਿਆ ਪਾਸ ਕਰਕੇ ਈ.ਟੀ.ਓ. ਬਣ ਕੇ ਸੇਵਾਵਾਂ ਨਿਭਾਈਆਂ। ਜਿਸ ਤੇ ਦਲਿਤ ਵਰਗ ਅਤੇ ਸਮੁੱਚੇ ਪੰਜਾਬ ਨੂੰ ਬਹੁਤ ਮਾਣ ਹੈ।



ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਦਲਿਤਾਂ ਨੂੰ ਸਿਰਫ ਜ਼ਲਾਲਤ ਹੀ ਦਿੱਤੀ ਹੈ ਜਿਸ ਦੇ ਅਨੇਕਾਂ ਸਬੂਤ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਦੁਨੀਆ ਦਾ ਮਹਾਨ ਸੰਵਿਧਾਨ ਦੇਣ ਬਾਰੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਰਾਹ ਰੋਕਣ ਲਈ ਕਾਂਗਰਸ ਪਾਰਟੀ ਨੇ ਅਨੇਕਾਂ ਕੋਸ਼ਿਸ਼ਾਂ ਕੀਤੀਆਂ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੀ ਸੰਵਿਧਾਨ ਸਭਾ ਵਿੱਚ ਐਂਟਰੀ ਰੋਕਣ ਲਈ ਕਾਂਗਰਸ ਪਾਰਟੀ ਨੇ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਇਸ ਤੋਂ ਬਾਅਦ ਜਿਸ ਇਲਾਕੇ ਤੋਂ ਬਾਬਾ ਸਾਹਿਬ ਚੋਣ ਜਿੱਤ ਕੇ ਆਏ ਉਸ ਇਲਾਕੇ ਨੂੰ 58 ਫੀਸਦੀ ਗੈਰ ਮੁਸਲਿਮ ਆਬਾਦੀ ਹੋਣ ਦੇ ਬਾਵਜੂਦ ਨੂੰ ਦੇ ਦਿੱਤਾ ਗਿਆ ਜਦਕਿ ਵੰਡ ਦੌਰਾਨ ਨਿਯਮ ਸੀ ਕਿ ਜਿਸ ਇਲਾਕੇ ਦੀ 50 ਫੀਸਦ ਤੋਂ ਵੱਧ ਆਬਾਦੀ ਗੈਰ ਮੁਸਲਿਮ ਹੋਵੇਗੀ ਉਹ ਇਲਾਕਾ ਹਿੰਦੁਸਤਾਨ ਨੂੰ ਦੇ ਦਿੱਤਾ ਜਾਵੇਗਾ।

# ਇੰਡੀਆ-ਪਾਕਿਸਤਾਨ ਟੀ-21 ਮੁੰਬਈ-ਕੋਲੰਬੋ ਉਡਾਣ ਦਾ ਆਉਣ-ਜਾਣ ਦਾ ਕਿਰਾਇਆ 60,000 ਰੁਪਏ ਤੱਕ ਪੁੱਜਿਆ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੋਲੰਬੋ ਵਿੱਚ 15 ਫਰਵਰੀ ਨੂੰ ਭਾਰਤ-ਪਾਕਿਸਤਾਨ ਟੀ-20 ਵਿਸ਼ਵ ਕੱਪ ਮੁਕਾਬਲਾ ਹੋਵੇਗਾ। ਇਸ ਮੁਕਾਬਲੇ ਨੇ ਕ੍ਰਿਕਟ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਵੱਲੋਂ ਮੈਚ ਦੇ ਬਾਈਕਾਟ ਦਾ ਫੈਸਲਾ ਵਾਪਸ ਲੈਣ ਦੇ ਮਹਿਜ਼ ਕੁਝ ਮਿੰਟਾਂ ਦੇ ਅੰਦਰ ਹੀ ਹਵਾਈ ਕਿਰਾਇਆਂ ਵਿੱਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲਿਆ ਹੈ। ਮੁੰਬਈ ਤੋਂ ਕੋਲੰਬੋ ਦੀ ਆਉਣ-ਜਾਣ ਵਾਲੀ ਉਡਾਣ ਦਾ ਕਿਰਾਇਆ 10,000 ਰੁਪਏ ਤੱਕ ਵਧ ਗਿਆ ਹੈ ਅਤੇ ਹੁਣ ਪ੍ਰਤੀ ਵਿਅਕਤੀ ਰਾਊਂਡ ਟ੍ਰਿਪ ਦਾ ਖ਼ਰਚਾ ਲਗਪਗ 60,000 ਰੁਪਏ ਤੱਕ ਪਹੁੰਚ ਗਿਆ ਹੈ।

# ਕਾਨਪੁਰ ਲੈਂਬੋਰਗਿਨੀ ਹਾਦਸਾ: ਕਾਰੋਬਾਰੀ ਦਾ ਪੁੱਤਰ ਸ਼ਿਵਮ ਨਹੀਂ ਚਲਾ ਰਿਹਾ ਸੀ ਕਾਰ: ਵਕੀਲ

## ਐੱਫਆਈਆਰ 'ਚ ਸ਼ਿਵਮ ਮਿਸ਼ਰਾ ਦਾ ਨਾਮ ਸ਼ਾਮਲ: ਪੁਲਿਸ ਕਮਿਸ਼ਨਰ

ਕਾਨਪੁਰ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਾਨਪੁਰ ਦੇ ਪੁਲੀਸ ਕਮਿਸ਼ਨਰ ਰਘੁਬੀਰ ਲਾਲ ਨੇ ਦੱਸਿਆ ਕਿ ਹ19♦ ਰੋਡ 'ਤੇ ਹੋਏ ਲੈਂਬੋਰਗਿਨੀ ਕਾਰ ਹਾਦਸੇ ਦੀ ਜਾਂਚ ਜਾਰੀ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਮੁਲਜ਼ਮ ਸ਼ਿਵਮ ਮਿਸ਼ਰਾ ਦਾ ਨਾਮ ਹੁਣ FIR ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਪੁਲਿਸ ਕਮਿਸ਼ਨਰ ਮੁਤਾਬਕ ਪਹਿਲਾਂ ਸ਼ਿਵਮ ਦਾ ਨਾਮ ਕੇਸ ਵਿੱਚ ਨਹੀਂ ਸੀ, ਪਰ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਬਾਅਦ ਉਸ ਨੂੰ ਨਾਮਜ਼ਦ ਕੀਤਾ ਗਿਆ ਹੈ। ਜਦੋਂ ਪੁਲੀਸ ਉਸ ਦੇ ਘਰ ਪੁੱਛਗਿੱਛ ਲਈ ਗਈ, ਤਾਂ ਪਰਿਵਾਰ ਨੇ ਦੱਸਿਆ ਕਿ ਉਹ ਹਸਪਤਾਲ ਵਿੱਚ ਦਾਖਲ ਹੈ। ਸ਼ਿਵਮ ਦੇ ਪਿਤਾ ਨੇ ਪੁਲੀਸ ਨੂੰ ਜਾਂਚ ਵਿੱਚ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।



ਪੁਲਿਸ ਕਮਿਸ਼ਨਰ ਨੇ ਸਾਫ਼ ਕੀਤਾ ਕਿ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਪੁਲੀਸ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਹਾਦਸੇ ਸਮੇਂ ਸ਼ਿਵਮ ਮਿਸ਼ਰਾ ਹੀ ਕਾਰ ਚਲਾ ਰਿਹਾ ਸੀ। ਦੂਜੇ ਪਾਸੇ ਸ਼ਿਵਮ ਦੇ ਵਕੀਲ ਮ੍ਰਿਤੁੰਜੇ ਕੁਮਾਰ ਨੇ ਦਾਅਵਾ ਕੀਤਾ ਕਿ ਸ਼ਿਵਮ ਕਾਰ ਨਹੀਂ ਚਲਾ ਰਿਹਾ ਸੀ, ਸਗੋਂ ਉਸ ਦਾ ਡਰਾਈਵਰ ਮੋਹਨ ਗੱਡੀ ਚਲਾ ਰਿਹਾ ਸੀ। ਵਕੀਲ ਨੇ ਇਸ ਘਟਨਾ ਨੂੰ ਗੁਨਾਹ ਦੀ ਬਜਾਏ ਹਾਦਸੇ ਵਜੋਂ ਦੇਖਣ ਦੀ ਅਪੀਲ ਕਰਦਿਆਂ ਕਿਹਾ ÷ਕਾਰ ਡਰਾਈਵਰ ਵੱਲੋਂ ਚਲਾਈ ਜਾ ਰਹੀ ਸੀ, ਨਾ ਕਿ ਸ਼ਿਵਮ ਮਿਸ਼ਰਾ ਵੱਲੋਂ। ਅਸੀਂ ਅਦਾਲਤ ਦੇ ਸਾਹਮਣੇ ਤੱਥ ਅਤੇ ਸਬੂਤ ਪੇਸ਼ ਕਰਾਂਗੇ।

ਪੁਲੀਸ ਨੇ ਹਾਦਸੇ ਵਿੱਚ ਸ਼ਾਮਲ ਲੈਂਬੋਰਗਿਨੀ ਕਾਰ ਨੂੰ ਜ਼ਬਤ ਕਰ ਲਿਆ ਹੈ। ਇਸ ਹਾਦਸੇ ਵਿੱਚ ਇੱਕ ਮੋਟਰਸਾਈਕਲ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਕੁਝ ਰਾਹਗੀਰ ਜ਼ਖ਼ਮੀ ਹੋਏ। ਇੱਕ ਵਿਅਕਤੀ ਦੀ ਲੱਤ ਅਤੇ ਗਿੱਟੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ।

ਚਸ਼ਮਦੀਦਾਂ ਮੁਤਾਬਕ, ਐਤਵਾਰ ਦੁਪਹਿਰ ਨੂੰ ਝੂਲਾ ਪਾਰਕ ਕਰਾਸਿੰਗ ਨੇੜੇ ਇੱਕ ਤੇਜ਼ ਰਫ਼ਤਾਰ ਲੈਂਬੋਰਗਿਨੀ ਨੇ ਪਹਿਲਾਂ ਖੜ੍ਹੇ ਮੋਟਰਸਾਈਕਲ ਨੂੰ ਟੱਕਰ ਮਾਰੀ ਅਤੇ ਫਿਰ ਰਾਹਗੀਰਾਂ 'ਤੇ ਚੜ੍ਹ ਗਈ। ਚਸ਼ਮਦੀਦ ਸਤਵੇਂਦਰ ਸਿੰਘ ਚੰਦੇਲ ਨੇ ਦੱਸਿਆ ਕਿ ਹਾਦਸੇ ਤੋਂ ਤੁਰੰਤ ਬਾਅਦ ਕਾਰ ਸਵਾਰ ਦੇ ਬਾਊਂਸਰਾਂ ਨੇ ਗੱਡੀ ਦਾ ਸ਼ੀਸ਼ਾ ਤੋੜ ਕੇ ਡਰਾਈਵਰ ਨੂੰ ਕੱਢਿਆ ਅਤੇ ਦੂਜੀ ਕਾਰ ਵਿੱਚ ਬਿਠਾ ਕੇ ਫ਼ਰਾਰ ਹੋ ਗਏ।

ਪੁਲਿਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। DCP ਅਤੁਲ ਕੁਮਾਰ ਸ਼੍ਰੀਵਾਸਤਵ ਨੇ ਦੱਸਿਆ ਕਿ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ, ਪਰ ਜਾਂਚ ਤੇਜ਼ੀ ਨਾਲ ਚੱਲ ਰਹੀ ਹੈ।

# ਜਲੰਧਰ ਦੇ ਲਤੀ.ਫਪੁਰਾ ਵਿੱਚੋਂ ਤੜਕੇ ਸਾਢੇ ਚਾਰ ਵਜੇ ਨਾਜਾਇਜ਼ ਕਬਜ਼ੇ ਹਟਾਏ

ਜਲੰਧਰ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲੰਧਰ ਦੇ ਲਤੀਫ਼ਪੁਰਾ ਇਲਾਕੇ ਵਿੱਚ ਮੰਗਲਵਾਰ ਤੜਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਸਾਰੇ ਨਾਜਾਇਜ਼ ਕਬਜ਼ੇ ਹਟਾ ਦਿੱਤੇ ਹਨ। ਇਸ ਮੌਕੇ ਵੱਡੀ ਗਿਣਤੀ ਪੁਲੀਸ ਫੋਰਸ ਨਾਲ ਨਗਰ ਨਿਗਮ ਦੀਆਂ ਜੇਸੀਬੀ (JCB) ਮਸ਼ੀਨਾਂ ਨੇ ਸਵੇਰੇ ਕਰੀਬ 4:30 ਵਜੇ ਨਾਜਾਇਜ਼ ਅਸਥਾਈ ਅਤੇ ਪੱਕੀਆਂ ਉਸਾਰੀਆਂ ਨੂੰ ਢਾਹ ਦਿੱਤਾ। ਇਸ ਕਾਰਵਾਈ ਦੌਰਾਨ ਉੱਥੇ ਰਹਿ ਰਹੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ। ਇਹ ਲੋਕ ਦਸੰਬਰ 2022 ਵਿੱਚ ਘਰ ਢਾਹੇ ਜਾਣ ਤੋਂ ਬਾਅਦ ਉੱਥੇ ਟੈਂਟ ਲਗਾ ਕੇ ਰਹਿ ਰਹੇ ਸਨ।



ਜਲੰਧਰ ਇੰਪਰੂਵਮੈਂਟ ਟਰੱਸਟ (•9") ਦੀ ਇਸ ਜ਼ਮੀਨ 'ਤੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇੱਥੇ ਇੱਕ ਨਵੀਂ ਸੜਕ ਬਣਾਉਣ ਦੀ ਯੋਜਨਾ ਸੀ ਜੋ ਕਬਜ਼ਿਆਂ ਕਾਰਨ ਕਾਫ਼ੀ ਸਮੇਂ ਤੋਂ ਲਟਕ ਰਹੀ ਸੀ। ਹਾਲਾਂਕਿ ਪ੍ਰਸ਼ਾਸਨ ਨੇ ਕਬਜ਼ਾਧਾਰੀਆਂ ਨੂੰ ਦੂਜੀ ਥਾਂ 'ਤੇ ਜ਼ਮੀਨ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਉਨ੍ਹਾਂ ਨੇ ਉੱਥੋਂ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਇਹ ਮਾਮਲਾ ਅਦਾਲਤ ਵਿੱਚ ਪਹੁੰਚ ਗਿਆ ਸੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਸਾਲ ਜੁਲਾਈ ਵਿੱਚ ਇਸ ਜਗ੍ਹਾ ਨੂੰ ਖਾਲੀ ਕਰਵਾਉਣ ਦੇ ਹੁਕਮ ਦਿੱਤੇ ਸਨ।

ਪ੍ਰਸ਼ਾਸਨ ਦੀ ਇਸ ਕਾਰਵਾਈ ਨਾਲ ਮਾਡਲ ਟਾਊਨ, ਸ਼ਿਵ ਵਿਹਾਰ, ਗੁਰੂ ਤੇਗ ਬਹਾਦਰ ਨਗਰ ਅਤੇ ਜਲੰਧਰ ਹਾਈਟਸ ਵਰਗੇ ਇਲਾਕਿਆਂ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ ਪੀਪੀਆਰ (PPR) ਮਾਰਕੀਟ ਅਤੇ ਕਿਊਰੋ (Curo) ਮਾਲ ਵਰਗੇ ਵਪਾਰਕ ਕੇਂਦਰਾਂ ਵੱਲ ਜਾਣ ਵਾਲੀ ਆਵਾਜਾਈ ਵੀ ਹੁਣ ਸੁਖਾਲੀ ਹੋਣ ਦੀ ਉਮੀਦ ਹੈ। ਇਲਾਕੇ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਹਾਲੇ ਵੀ ਪੁਲੀਸ ਬਲ ਤਾਇਨਾਤ ਹਨ।

# ਅਨਿਲ ਅੰਬਾਨੀ ਅਤੇ ਪਤਨੀ ਟੀਨਾ ਅੰਬਾਨੀ ਨੂੰ 54 ਵੱਲੋਂ ਨਵੇਂ ਸੰਮਨ ਜਾਰੀ



ਨਵੀਂ ਦਿੱਲੀ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (54) ਨੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਅਤੇ ਉਨ੍ਹਾਂ ਦੀ ਪਤਨੀ ਟੀਨਾ ਅੰਬਾਨੀ ਨੂੰ ਅਗਲੇ ਹਫ਼ਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਨਵੇਂ ਸੰਮਨ ਜਾਰੀ ਕੀਤੇ ਹਨ।

68 ਸਾਲਾ ਟੀਨਾ ਅੰਬਾਨੀ ਸਾਬਕਾ ਅਦਾਕਾਰਾ ਵੀ ਹਨ ਜਿਨ੍ਹਾਂ ਨੂੰ ਫੈਡਰਲ ਏਜੰਸੀ ਨੇ ਸੋਮਵਾਰ ਨੂੰ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਨਹੀਂ ਪਹੁੰਚੇ। ਅਧਿਕਾਰੀਆਂ ਮੁਤਾਬਕ ਹੁਣ ਉਨ੍ਹਾਂ ਨੂੰ 17 ਫਰਵਰੀ ਨੂੰ ਅਤੇ ਅਨਿਲ ਅੰਬਾਨੀ ਨੂੰ 18 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਦੇ ਬਿਆਨ 'ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ' (♦$*1) ਤਹਿਤ ਦਰਜ ਕੀਤੇ ਜਾਣਗੇ।

ਜਾਣਕਾਰੀ ਅਨੁਸਾਰ ਟੀਨਾ ਅੰਬਾਨੀ ਨੂੰ ਨਿਊਯਾਰਕ ਦੇ ਮੈਨਹਟਨ ਵਿੱਚ ਇੱਕ ਲਗਜ਼ਰੀ ਕੰਡੋਮੀਨੀਅਮ (✵◊✪➢◊✡♦✪♦☨✡) ਦੀ ਖਰੀਦ ਨਾਲ ਜੁੜੇ ਪੈਸਿਆਂ ਦੇ ਲੈਣ-ਦੇਣ (money trail) ਬਾਰੇ ਪੁੱਛਗਿੱਛ ਲਈ ਬੁਲਾਇਆ ਗਿਆ ਹੈ।

# ਰਾਣਾ ਗੁਰਜੀਤ ਸਿੰਘ ਵੱਲੋਂ ਇੱਕ ਹ.ਫਤੇ ਅੰਦਰ ਪੰਜਾਬ ਲਈ ਨਵੀਂ ਫਸਲ ਦਾ ਐਲਾਨ

ਕਪੂਰਥਲਾ,11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਪੂਰਥਲਾ ਤੋਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸਪਸ਼ਟ ਅਤੇ ਦ੍ਰਿੜ੍ਹ ਸੁਰ ਵਿੱਚ ਕਿਹਾ ਹੈ ਕਿ ਉਹ ਸਦਾ ਉਹੀ ਗੱਲ ਕਰਨਗੇ ਅਤੇ ਉਹੀ ਮੁੱਦੇ ਉਠਾਉਣਗੇ, ਜੋ ਪੰਜਾਬ ਦੇ ਸਮੂਹਕ ਭਲੇ, ਕਿਸਾਨਾਂ ਦੀ ਖੁਸ਼ਹਾਲੀ ਅਤੇ ਪੰਜਾਬ ਦੀ ਜਨਤਾ ਦੀ ਸਿਹਤ ਨਾਲ ਸਿੱਧੇ ਤੌਰ 'ਤੇ ਜੁੜੇ ਹੋਣ।

ਉਨ੍ਹਾਂ ਇਹ ਗੱਲ ਬੀਤੇ ਦਿਨੀਂ ਜਗਰਾਉਂ ਵਿਖੇ ਸ਼ਾਨਦਾਰ ਢੰਗ ਨਾਲ ਸਮਾਪਤ ਹੋਏ ਮੇਲੇ ਦੌਰਾਨ ਲੋਕਾਂ ਨਾਲ ਸਾਂਝੀ ਕੀਤੀ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਅੱਜ ਇੱਕ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ, ਜਿੱਥੇ ਕਿਸਾਨਾਂ ਦੀ ਆਰਥਿਕ ਸੁਰੱਖਿਆ, ਲੋਕਾਂ ਦੀ ਸਿਹਤ ਅਤੇ ਰਾਜ ਦੀ ਕੁੱਲ ਤਰੱਕੀ ਲਈ ਦੂਰਦਰਸ਼ੀ ਸੋਚ ਅਤੇ ਠੋਸ ਉਪਰਾਲਿਆਂ ਦੀ ਬਹੁਤ ਜ਼ਰੂਰਤ ਹੈ।



ਉਨ੍ਹਾਂ ਵੱਡਾ ਐਲਾਨ ਕਰਦਿਆਂ ਕਿਹਾ ਕਿ ਉਹ ਬਹੁਤ ਛੇਤੀ, ਇੱਕ ਹਫ਼ਤੇ ਦੇ ਅੰਦਰ ਅੰਦਰ, ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਕੇ ਪੰਜਾਬ ਨੂੰ ਨਵੀਂ ਫਸਲ ਦੇਣ ਜਾ ਰਹੇ ਹਨ। ਉਨ੍ਹਾਂ ਦੇ ਅਨੁਸਾਰ ਇਹ ਨਵੀਂ ਫਸਲ ਸਿਰਫ਼ ਖੇਤੀ ਤੱਕ ਸੀਮਿਤ ਨਹੀਂ ਹੋਵੇਗੀ, ਬਲਕਿ ਇਹ ਪੰਜਾਬ ਦੀ ਆਰਥਿਕਤਾ, ਕਿਸਾਨੀ ਪ੍ਰਣਾਲੀ ਅਤੇ ਲੋਕ-ਹਿਤੈਸ਼ੀ ਨੀਤੀਆਂ ਲਈ ਇੱਕ ਨਵੀਂ ਦਿਸ਼ਾ ਤੈਅ ਕਰੇਗੀ।

ਰਾਣਾ ਗੁਰਜੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਪੰਜਾਬ ਦੀ ਧਰਤੀ, ਕਿਸਾਨ ਅਤੇ ਆਮ ਜਨਤਾ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਉਹ ਹਮੇਸ਼ਾ ਸੱਚ, ਸਪਸ਼ਟਤਾ ਅਤੇ ਲੋਕ-ਹਿੱਤ ਦੀ ਰਾਹ 'ਤੇ ਡਟੇ ਰਹਿਣਗੇ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਟਿਆਲਾ ਦੇ ਸਕੂਲ ਆ.ਫ ਐਮੀਨੈਂਸ ਦਾ ਅਚਨਚੇਤ ਦੌਰਾ, ਬੁਨਿਆਦੀ ਢਾਂਚੇ ਦਾ ਲਿਆ ਜਾਇਜ਼ਾ

ਚੰਡੀਗੜ੍ਹ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸਵੇਰੇ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਵਿਖੇ ਸਥਿਤ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ ਕੀਤਾ, ਜੋ ਭਗਵੰਤ ਮਾਨ ਸਰਕਾਰ ਦੀ ਚੱਲ ਰਹੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਸ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਚੱਲ ਰਹੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਿੱਖਿਆ ਦੀ ਗੁਣਵੱਤਾ ਅਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਮੁਲਾਂਕਣ ਕਰਨ ਲਈ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।



ਸਕੂਲ ਦਾ ਵਿਆਪਕ ਦੌਰਾ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ ਸਬੰਧੀ ਕੰਮਾਂ ਦੀ ਪ੍ਰਗਤੀ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਅਤੇ ਸਹੂਲਤਾਂ ਬਾਰੇ ਫੀਡਬੈਕ ਲੈਣ ਲਈ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ।

ਬੈਂਸ ਨੇ ਇਸ ਸਕੂਲ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਅਤਿ-ਆਧੁਨਿਕ ਇਨਡੋਰ ਸਪੋਰਟਸ ਕੰਪਲੈਕਸ ਦੇ ਨਿਰਮਾਣ ਦਾ ਵੀ ਜਾਇਜ਼ਾ ਲਿਆ, ਜਿਸ ਵਿੱਚ ਦੋ ਕਬੱਡੀ ਮੈਟ ਅਤੇ ਇੱਕ ਕੁਸ਼ਤੀ ਮੈਟ ਸਮੇਤ 2,000 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਸਿਹਤਮੰਦ ਬਣਾਉਣ ਲਈ ਮੁਕੰਮਲ ਸਿੱਖਿਆ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ, ਸਿੱਖਿਆ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਸਾਡੇ 'ਸਕੂਲ ਆਫ਼ ਐਮੀਨੈਂਸ' ਸਿਰਫ਼ ਇਮਾਰਤਾਂ ਨਹੀਂ ਹਨ; ਇਹ ਭਵਿੱਖ ਦੇ ਨੇਤਾਵਾਂ ਅਤੇ ਪੇਸ਼ੇਵਰਾਂ ਦਾ ਆਧਾਰ ਹਨ।ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣਾ ਸਾਡੀਆਂ ਨੀਤੀਆਂ ਅਤੇ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦਾ ਪ੍ਰਤੱਖ ਪ੍ਰਮਾਣ ਹੈ। ਸਿੱਖਿਆ ਮੰਤਰੀ ਨੇ ਕਿਹਾ, ਸਿੱਖਿਆ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਵਿਦਿਆਰਥੀਆਂ ਵਿੱਚ ਨਿਵੇਸ਼ ਕਰਨਾ ਸਿੱਧੇ ਤੌਰ 'ਤੇ ਪੰਜਾਬ ਅਤੇ ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ।

ਸਕੂਲ ਪ੍ਰਿੰਸੀਪਲ ਪ੍ਰੀਤਇੰਦਰ ਘਈ ਨੇ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਇਸ ਅਕਾਦਮਿਕ ਸਾਲ ਇਸ ਸਕੂਲ ਦੇ ਦਾਖਲਿਆਂ ਵਿੱਚ 11 ਫ਼ੀਸਦੀ ਵਾਧਾ ਹੋਇਆ ਹੈ ਅਤੇ 200 ਤੋਂ ਵੱਧ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਆਏ ਹਨ, ਜੋ ਕਿ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ 400 ਤੋਂ ਵੱਧ ਵਿਦਿਆਰਥੀ ਛੇ ਸਕੂਲ ਬੱਸਾਂ ਰਾਹੀਂ ਆਵਾਜਾਈ ਸਹੂਲਤਾਂ ਦਾ ਲਾਭ ਲੈ ਰਹੇ ਹਨ, ਜੋ ਕਿ ਉੱਤਮਤਾ ਦੇ ਕੇਂਦਰ ਵਜੋਂ ਸਕੂਲ ਦੀ ਵਧਦੀ ਸਾਖ ਨੂੰ ਦਰਸਾਉਂਦਾ ਹੈ।

# ਦੂਜਾ ਦਿਨ ਜ਼ਿਲ੍ਹੇ 'ਚ 'ਆਪ੍ਰੇਸ਼ਨ ਪ੍ਰਹਾਰ-2' ਤਹਿਤ ਵਿਸ਼ੇਸ਼ ਕਾਰਡਨ ਐਂਡ ਸਰਚ ਮੁਹਿੰਮ ਮੁਹਿੰਮ ਦਾ ਆਗਾਜ

ਮਾਲੇਰਕੋਟਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਜੀ. (ਜੀ.ਆਰ.ਪੀ.) ਬਲਜੋਤ ਸਿੰਘ ਰਾਠੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦਾ ਨੈਟਵਰਕ ਤੋੜਨ ਲਈ ਪੰਜਾਬ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਆਪ੍ਰੇਸ਼ਨ ਅਧੀਨ 72 ਘੰਟਿਆਂ ਲਈ ਵਿਸ਼ੇਸ਼ ਕਾਰਡਨ ਐਂਡ ਸਰਚ ਆਪ੍ਰੇਸ਼ਨ ਚਲਾਇਆ ਗਿਆ ਹੈ। ਇਸ ਕਾਰਵਾਈ ਤਹਿਤ ਐੱਸ.ਪੀ. (ਪੀ.ਬੀ.ਆਈ.) ਰਾਜਵਿੰਦਰ ਸਿੰਘ ਅਤੇ ਐੱਸ.ਪੀ. (ਡੀ) ਸੱਤਪਾਲ ਸ਼ਰਮਾ ਅਤੇ ਡੀ ਐੱਸ ਪੀਜ਼ ਦੀ ਅਗਵਾਈ ਹੇਠ 48 ਘੰਟਿਆਂ ਦੇ ਅੰਦਰ-ਅੰਦਰ ਜ਼ਿਲ੍ਹੇ ਦੀਆਂ ਵੱਖ-ਵੱਖ ਸੰਵੇਦਨਸ਼ੀਲ ਥਾਵਾਂ 'ਤੇ ਛਾਪੇਮਾਰੀ ਕਰਦਿਆਂ 61 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ 1 ਭਗੌੜੇ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ।

ਐੱਸ.ਐੱਸ.ਪੀ ਨੇ ਦੱਸਿਆ ਕਿ ਕਾਰਡਨ ਐਂਡ ਸਰਚ ਆਪ੍ਰੇਸ਼ਨ ਦੌਰਾਨ ਸ਼ੱਕੀ ਵਿਅਕਤੀਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਅਤੇ ਤਲਾਸ਼ੀ ਕਰਦੇ ਹੋਏ 29 ਗ੍ਰਾਮ ਚਿੱਟਾ, 50 ਬੋਤਲਾਂ ਨਾਜਾਇਜ ਸ਼ਰਾਬ, 35 ਨਸ਼ੀਲੀ ਗੋਲੀਆਂ ਅਤੇ ਚੋਰੀ ਦੇ ਮਾਮਲੇ ਵਿੱਚ 2000 ਰੁਪਏ ਬਰਾਮਦ ਕੀਤੇ ਗਏ ਹਨ। ਉਨ੍ਹਾਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਸਰਚ ਓਪਰੇਸ਼ਨ ਦਾ ਮਕਸਦ ਇਲਾਕੇ ਵਿੱਚ ਨਸ਼ਾ ਤਸਕਰੀ, ਅਪਰਾਧਿਕ ਤੱਤਾਂ ਅਤੇ ਗੈਰਕਾਨੂੰਨੀ ਸਰਗਰਮੀਆਂ 'ਤੇ ਨਕੇਲ ਕੱਸਣਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਗਈ ਹੈ ਅਤੇ ਅਜਿਹੀਆਂ ਕਾਰਵਾਈਆਂ ਆਉਣ ਵਾਲੇ ਸਮੇਂ ਵਿੱਚ ਵੀ ਨਿਰੰਤਰ ਤੌਰ 'ਤੇ ਜਾਰੀ ਰਹਿਣਗੀਆਂ, ਤਾਂ ਜੋ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨੂੰ ਸਫਲਤਾ ਨਾਲ ਹਾਸਲ ਕੀਤਾ ਜਾ ਸਕੇ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਐੱਸ.ਐੱਸ.ਪੀ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ਾ ਤਸਕਰੀ ਜਾਂ ਕਿਸੇ ਵੀ ਗੈਰਕਾਨੂੰਨੀ ਸਰਗਰਮੀ ਸਬੰਧੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ, ਤਾਂ ਜੋ ਦੋਸ਼ੀਆਂ ਖ਼ਿਲਾਫ਼ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਡੀ.ਐੱਸ.ਪੀ (ਸਥਾਨਕ) ਬਿਕਮਰਜੀਤ ਸਿੰਘ ਘੁੰਮਣ, ਡੀ.ਐੱਸ.ਪੀ ਸਬ ਡਵੀਜਲ ਮਾਲੇਰਕੋਟਲਾ ਮਾਨਵਜੀਤ ਸਿੰਘ ਸਿੱਧੂ,ਡੀ.ਐੱਸ.ਪੀ ਯਾਦਵਿੰਦਰ ਸਿੰਘ, ਡੀ.ਐੱਸ.ਪੀ ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ, ਡੀ.ਐੱਸ.ਪੀ ਅਮਰਗੜ੍ਹ ਸੰਜੀਵ ਕਪੂਰ ਅਤੇ ਥਾਣਾ ਮੁਖੀਆਂ ਵੱਲੋਂ ਆਪਣੇ ਅਧੀਨ ਆਉਂਦੇ ਪਿੰਡਾਂ/ਮੁਹੱਲਿਆਂ ਵਿੱਚ ਭਾਰੀ ਪੁਲਿਸ ਫੋਰਸ ਸਮੇਤ ਸਰਚ ਅਭਿਆਨ ਚਲਾਏ ਜਾ ਰਹੇ ਹਨ।

# ਸੀ.ਬੀ.ਐੱਸ.ਈ. ਬੋਰਡ ਪ੍ਰੀਖਿਆ ਵਿਚ ਸਹੀ ਜਵਾਬ ਲਿਖਣ ’ਤੇ ਵੀ ਮਿਲ ਸਕਦਾ ਹੈ ‘ਜ਼ੀਰੋ’ !

**ਕੌਮੀ ਪਤ੍ਰਿਕਾ**

ਲੁਧਿਆਣਾ 11 ਫਰਵਰੀ। ਸੈਂਟ?ਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨੇ ਆਗਾਮੀ ਬੋਰਡ ਪ੍ਰੀਖਿਆਵਾਂ ਦੀ ਉੱਤਰ ਪੁਸਤਕ ਲਿਖਣ ਦੇ ਨਿਯਮਾਂ ਵਿਚ ਵੱਡਾ ਬਦਲਾਅ ਕੀਤਾ ਹੈ। ਪ੍ਰੀਖਿਆਰਥੀ ਹੁਣ ਆਪਣੀ ਮਰਜ਼ੀ ਨਾਲ ਕਿਤੇ ਵੀ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਲਿਖ ਸਕਣਗੇ। ਵਿਗਿਆਨ ਦੇ ਪੇਪਰ ਵਿਚ ਜੇਕਰ ਫਿਜ਼ੀਕਸ ਦਾ ਉੱਤਰ ਕੈਮਿਸਟਰੀ ਦੇ ਲਈ ਤੈਅ ਸੈਕਸ਼ਨ ਵਿਚ ਲਿਖ ਦਿੱਤਾ ਗਿਆ ਤਾਂ ਉਹ ਉੱਤਰ ਸਹੀ ਹੋਣ ਦੇ ਬਾਵਜੂਦ ਜਾਂਚਿਆ ਨਹੀਂ ਜਾਵੇਗਾ ਤੇ ਉਸ ਦੇ ਜ਼ੀਰੋ ਅੰਕ ਮਿਲਣਗੇ। 10ਵੀਂ ਅਤੇ 12ਵੀਂ ਦੀਆਂ ਪ੍ਰੀਖਿਆਵਾਂ 17 ਫਰਵਰੀ ਤੋਂ ਸ਼ੁਰੂ ਹੋਣ ਵਾਲੀਆਂ ਹਨ। ਮੁੱਲਆਂਕਣ ਪ੍ਰਕਿਰਿਆ ਨੂੰ ਡਿਜ਼ੀਟਲ ਅਤੇ ਸਟੀਕ ਬਣਾਉਣ ਲਈ ਬੋਰਡ ਨੇ 10ਵੀਂ ਕਲਾਸ ਦੇ ਦੋ ਮੁੱਖ ਵਿਸ਼ਿਆਂ ਵਿਗਿਆਨ ਅਤੇ ਸਮਾਜਿਕ ਵਿਗਿਆਨ ਦੇ ਲਈ ਇਹ ਸਖਤ ਗਾਇਡਲਾਈਨ ਜਾਰੀ ਕੀਤੀ ਹੈ। ਵਿਗਿਆਨ ਦੀ ਉੱਤਰ ਪੁਸਤਕ ਨੂੰ ਤਿੰਨ ਸਪੱਸ਼ਟ ਭਾਗਾਂ ਵਿਚ ਵੰਡਣਾ ਹੋਵੇਗਾ। ਪਹਿਲਾਂ ਸੈਕਸ਼ਨ ‘ਏ’ ਵਿਚ ਬਾਇਓਲੋਜੀ, ‘ਬੀ’ ਵਿਚ ਕੈਮਿਸਟਰੀ ਅਤੇ ‘ਸੀ’ ਵਿਚ ਫਿਜ਼ੀਕਸ ਦੇ ਉੱਤਰ ਲਿਖਣੇ ਹੋਣਗੇ। ਇਸੇ ਤਰ੍ਹਾਂ ਸਮਾਜਿਕ ਵਿਗਿਆਨ ਨੂੰ ਚਾਰ ਭਾਗਾਂ -ਇਤਿਹਾਸ, ਭੂਗੋਲ, ਰਾਜਨੀਤੀ ਵਿਗਿਆਨ ਅਤੇ ਅਰਥਸ਼ਾਸਤਰ ਵਿਚ ਵੰਡਿਆ ਗਿਆ ਹੈ। ਵਿਦਿਆਰਥੀਆਂ ਨੂੰ ਇਕੱਠੇ ਇਕ ਪੂਰਾ ਸੈਕਸ਼ਨ ਹੀ ਹੱਲ ਕਰਨਾ ਪਵੇਗਾ। ਸਿੱਖਿਆਵਿਦ ਦੱਸਦੇ ਹਨ ਕਿ ਵਿਦਿਆਰਥੀ ਕਿਸੇ ਇਕ ਸੈਕਸ਼ਨ ਦੇ ਅੰਦਰ ਪ੍ਰਸ਼ਨਾਂ ਦੇ ਜਵਾਬ ਆਪਣੀ ਸਹੂਲਤ ਨਾਲ ਅੱਗੇ ਪਿੱਛੇ ਦੇ ਸਕਦੇ ਹਨ ਪਰ ਇਕ ਸੈਕਸ਼ਨ ਦੇ ਵਿਚ ਦੂਜੇ




ਸੈਕਸ਼ਨ ਦਾ ਕੋਈ ਵੀ ਜਵਾਬ ਨਹੀਂ ਲਿਖ ਸਕਣਗੇ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਉੱਤਰ ਪੁਸਤਕ ਮਿਲਦੇ ਹੀ ਪਹਿਲਾਂ ਪੇਜ਼ ਪਲਾਨਿੰਗ ਕਰਨ ਤੇ ਇਕ ਵਿਸ਼ਾ ਖਤਮ ਹੋਣ ਤੋਂ ਬਾਅਦ ਅਗਲੇ ਵਿਸ਼ੇ ਲਈ ਨਵੇਂ ਪੇਜ ਦੀ ਵਰਤੋਂ ਕਰਨ। ਸੀ.ਬੀ.ਐੱਸ.ਈ. ਦੇ ਨਵੇਂ ਡਿਜੀਟਲ ਇਵੈਨਿਊਏਸ਼ਨ ਸਿਸਟਮ ਦੇ ਤਹਿਤ ਗਲਤ ਸੈਕਸ਼ਨ ਵਿਚ ਲਿਖੇ ਉੱਤਰਾਂ ’ਤੇ ਰੀ-ਇਵੈਲਿਊਏਸ਼ਨ ਜਾਂ ਵੈਰੀਫਿਕੇਸ਼ਨ ਦੌਰਾਨ ਵਿਚਾਰ ਨਹੀਂ ਕੀਤਾ ਜਾਵੇਗਾ। ਜਦੋਂ ਉੱਤਰ ਸਹੀ ਮੈਪਿੰਗ ਜਾਂ ਨਿਰਧਾਰਤ ਸਥਾਨ ’ਤੇ ਨਹੀਂ ਹੋਵੇਗਾ ਤਾਂ ਉਹ ਪ੍ਰੀਖਕ ਦੀ ਸਕਰੀਨ ’ਤੇ ਪ੍ਰਦਰਸ਼ਿਤ ਨਹੀਂ ਹੋਵੇਗਾ। ਵੈਰੀਫਿਕੇਸ਼ਨ ਪ੍ਰੀਕਿਰਿਆ ਵਿਚ ਕੇਵਲ ਅੰਕਾਂ ਦੀ ਗਿਣਤੀ ਹੁੰਦੀ ਹੈ। ਇਸ ਲਈ ਸਿਸਟਮ ਗਲਤ ਸਥਾਨ ’ਤੇ ਲਿਖੇ ਉੱਤਰ ਨੂੰ ਇਨਵੈਲਿਡ ਮੰਨੇਗਾ। ਮਾਹਰਾਂ ਦੇ ਮੁਤਾਬਕ ਹੁਣ ਕਾਪੀਆਂ ਦੀ ਡਿਜ਼ੀਟਲ ਚੈਕਿੰਗ ਕੀਤੀ ਜਾ ਰਹੀ ਹੈ ਜਿਥੇ ਹਰ ਵਿਸ਼ੇ ਦਾ ਮਾਹਰ ਕੇਵਲ ਆਪਣੇ ਸੈਕਸ਼ਨ ਦੀ ਹੀ ਜਾਂਚ ਕਰੇਗਾ। ਜੇਕਰ ਉੱਤਰ ਗਲਤ ਸੈਕਸ਼ਨ ਵਿਚ ਹੈ ਤਾਂ ਉਹ ਸਾਫਟਵੇਅਰ ਜਾਂ ਪ੍ਰੀਖਕ ਦੀ ਸਕਰੀਨ ’ਤੇ ਦਿਖਾਈ ਹੀ ਨਹੀਂ ਦੇਵੇਗਾ। ਬੋਰਡ ਨੇ ਥਿਊਰੀ ਦੇ ਨਾਲ ਨਾਲ ਪ੍ਰੈਕਟੀਕਲ ਪ੍ਰੀਖਿਆਵਾਂ ਦੇ ਲਈ ਵੀ ਰਿਅਲ ਟਾਈਮ ਮਾਨੀਟਰਿੰਗ ਦੀ ਵਿਵਸਥਾ ਕੀਤੀ ਹੈ। ਹਰ ਸਕੂਲ ਨੂੰ ਪ੍ਰੈਕਟੀਕਲ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦੇ ਨਾਲ ਇੰਟਰਨਲ ਅਤੇ ਐਕਸਟਰਨਲ ਐਗਜ਼ਾਮੀਨਰ ਦਾ ਇਕ ਜਿਓ-ਟੈਗਡ ਗਰੁੱਪ ਫੋਟੋ ਅਪਲੋਡ ਕਰਨਾ ਜ਼ਰੂਰੀ ਹੈ। ਇਸ ਫੋਟੋ ਤੋਂ ਬਗੈਰ ਸਕੂਲਾਂ ਦੇ ਪ੍ਰੈਕਟੀਕਲ ਅੰਕ ਪੋਰਟਲ ’ਤੇ ਅਪਲੋਡ ਨਹੀਂ ਹੋਣਗੇ। ਫੋਟੋ ਅਪਲੋਡ ਕਰਦੇ ਸਮੇਂ ਮੋਬਾਇਲ ਦੀ ਲੋਕੇਸ਼ਨ ਅਤੇ ਸਮੇਂ ਦਾ ਮਿਲਾਨ ਕੀਤਾ ਜਾਵੇਗਾ। 15 ਮਿੰਟ ਦੇ ਰੀਡਿੰਗ ਟਾਈਮ ਦਾ ਮਹੱਤਵ ਹੁਣ ਹੋਰ ਵਧ ਗਿਆ ਹੈ ਕਿਉਂਕਿ ਵਿਦਿਆਰਥੀਆਂ ਨੂੰ ਸਹੀ ਸੈਕਸ਼ਨ ਦੀ ਚੋਣ ਸਾਵਧਾਨੀ ਨਾਲ ਕਰਨੀ ਪਵੇਗੀ।

### ਹੁਣ ‘ਧੁਰੰਧਰ’ ਸਟਾਰ ਰਣਵੀਰ ਸਿੰਘ ਨੂੰ ਮਿਲੀ ਧਮਕੀ ! ਬਾਲੀਵੁੱਡ ਸਿਤਾਰਿਆਂ ’ਚ ਦਹਿਸ਼ਤ ਦਾ ਮਾਹੌਲ

ਮਨੋਰੰਜਨ ਡੈਸਕ 11 ਫਰਵਰੀ। ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਰਣਵੀਰ ਸਿੰਘ ਨੂੰ ਧਮਕੀ ਮਿਲਣ ਤੋਂ ਬਾਅਦ ਫਿਲਮ ਇੰਡਸਟਰੀ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਜਾਣਕਾਰੀ ਅਨੁਸਾਰ ਰਣਵੀਰ ਸਿੰਘ ਨੂੰ ਵਟਸਐਪ ’ਤੇ ਇੱਕ ਧਮਕੀ ਭਰਿਆ ਵਾਇਸ ਨੋਟ ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਨ੍ਹਾਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਧਮਕੀ ਮਿਲਣ ਤੋਂ ਤੁਰੰਤ ਬਾਅਦ ਮੁੰਬਈ ਪੁਲਸ ਹਰਕਤ ਵਿੱਚ ਆ ਗਈ ਹੈ। ਅਦਾਕਾਰ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੇ ਘਰ ਦੇ ਬਾਹਰ ਸੁਰੱਖਿਆ ਦੇ ਘੇਰੇ ਨੂੰ ਪਹਿਲਾਂ ਨਾਲੋਂ ਦੁੱਗਣਾ ਕਰ ਦਿੱਤਾ ਗਿਆ ਹੈ। ਪੁਲਸ ਦੀਆਂ ਟੀਮਾਂ ਧਮਕੀ ਭਰਿਆ ਵਾਇਸ ਨੋਟ ਭੇਜਣ ਵਾਲੇ ਵਿਅਕਤੀ ਦੀ ਭਾਲ ਵਿੱਚ ਜੁਟ ਗਈਆਂ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਪ੍ਰਸਿੱਧ ਡਾਇਰੈਕਟਰ ਰੋਹਿਤ ਸ਼ੈੱਟੀ ਦੇ ਘਰ ’ਤੇ ਵੀ ਭਾਰੀ ਫਾਇਰਿੰਗ ਹੋਈ ਸੀ। 31 ਜਨਵਰੀ ਦੀ ਅੱਧੀ ਰਾਤ ਨੂੰ ਸ਼ੈੱਟੀ ਦੇ ਘਰ ਦੇ ਬਾਹਰ 5 ਰਾਊਂਡ ਫਾਇਰਿੰਗ ਕੀਤੀ ਗਈ ਸੀ

## ਮਾਨ ਸਰਕਾਰ ਨੇ ਪੰਜਾਬ ’ਚ ਬਣਾ ਕੇ ਰੱਖ ’ਤੇ ਐਮਰਜੰਸੀ ਵਾਲੇ ਹਾਲਾਤ : ਤਜਿੰਦਰ ਸਿੰਘ ਨਿੱਝਰ

ਕਾਲਾ ਸੰਘਿਆਂ 11 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੀ ਮੋਹਰਲੀ ਕਤਾਰ ਦੇ ਆਗੂ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ‘ਆਪ’ ਸਰਕਾਰ ਤੋਂ ਸਾਰੇ ਬਹੁਤ ਦੁਖ਼ੀ ਹੋਏ ਪਏ ਹਨ ਅਤੇ ਉਸ ਘੜੀ ਦੀ ਉਡੀਕ ਕਰ ਰਹੇ ਹਨ, ਜਦ ਇਸ ਸਰਕਾਰ ਨੂੰ ਚੱਲਦਾ ਕਰਕੇ ਪੰਜਾਬੀਆਂ ਦੀ ਕਿਸਮਤ ਖ਼ੁਦ ਪੰਜਾਬੀ ਤੈਅ ਕਰ ਸਕਣ ਵਾਲੀ ਸਰਕਾਰ ਦਾ ਗਠਨ ਕਰਕੇ ਸੂਬੇ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਇਹ ਵਿਚਾਰ ਸ. ਮਜੀਠੀਆ ਨੇ ਫਗਵਾੜਾ-ਜਲੰਧਰ ਹਾਈਵੇਅ ’ਤੇ



ਮੈਕਡੋਨਲ ਨਜ਼ਦੀਕ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤਜਿੰਦਰ ਸਿੰਘ ਨਿੱਝਰ, ਸੀਨੀਅਰ ਆਗੂ ਯੁਵਰਾਜ ਸਿੰਘ ਜੱਗੀ ਤੇ ਜੱਗੀ ਜਮਸ਼ੇਰ ਦੀ ਅਗਵਾਈ ਵਿਚ ਮਜੀਠੀਆ ਦੇ ਜੇਲ੍ਹ ਤੋਂ ਰਿਹਾਉ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦਿਆਂ ਰਸਤੇ ’ਚ ਗਰਮਜੋਸ਼ੀ ਨਾਲ ਸਵਾਗਤ ਕਰਨ ਮੌਕੇ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਕਰੀਬ ਸਾਢੇ 7 ਮਹੀਨੇ ਬਾਅਦ ਉਨ੍ਹਾਂ ਨੂੰ ਕਥਿਤ ਝੂਠੇ ਕੇਸਾਂ ਦਾ ਸਾਹਮਣਾ ਕਰਦਿਆਂ ਨਾਭਾ ਜੇਲ੍ਹ ਤੋਂ ਰਹਾਈ ਮਿਲੀ ਹੈ, ਜਿਸ ਲਈ ਉਹ ਮਾਣਯੋਗ ਸੁਪਰੀਮ ਕੋਰਟ ਦੇ ਤਹਿ ਦਿਲੋਂ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਰਹੀ ਤਾਂ 2027 ’ਚ ਪੰਜਾਬੀਆਂ ਦੀ ਖ਼ੁਦ ਦੀ ਸਰਕਾਰ ਕਾਇਮ ਕਰਨ ਲਈ ਉਹ ਆਪਣੇ ਪੂਰਾ ਟੁੱਲ ਲਗਾ ਦੇਣਗੇ, ਇਸ ਲਈ ਉਨਾਂ ਨੂੰ ਗੁਰੂ ਸਾਹਿਬ ਜੀ ਜੋਸ਼ ਤੇ ਹੋਸ਼ ਬਖਸ਼ਣਗੇ। ਮਜੀਠੀਆ ਨੇ ਅਖੀਰ ’ਚ ਤਜਿੰਦਰ ਸਿੰਘ ਨਿੱਝਰ, ਯੁਵਰਾਜ ਸਿੰਘ ਜੱਗੀ ਅਤੇ ਜੱਗੀ ਜਮਸ਼ੇਰ ਸਮੇਤ ਸਮੁੱਚੇ ਨੌਜਵਾਨਾਂ ਅਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਜਲੰਧਰ ਦੇ ਐਂਟਰੀ ਪਲੇਸ ’ਤੇ ਜੀ ਆਇਆਂ ਵੱਡੇ ਕਾਫਲੇ ਦੇ ਰੂਪ ਵਿਚ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਸਦਾਂ ਸਭ ਦੇ ਰਿਣੀ ਰਹਿਣਗੇ। ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਸਕੱਤਰ ਤਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਬਦਲਾਅ ਦੇ ਨਾਂ ਉੱਤੇ ਹੋਂਦ ’ਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਸੂਬੇ ਅੰਦਰ ਐਮਰਜੈਂਸੀ ਵਰਗੇ ਭਿਆਨਕ ਹਾਲਾਤ ਬਣਾ ਕੇ ਰੱਖ ਦਿੱਤੇ ਹਨ, ਜਿਸ ਦੇ ਨਤੀਤੇ ਸਭ ਦੇ ਸਾਹਮਣੇ ਹਨ।

## ਹਰ ਪਾਸੇ ਸਿੱਖ ਤੇ ਸਿੱਖਾਂ ਦੀ ਦਸਤਰ ਦਿੱਖੇ, ਘੱਟੋ-ਘੱਟ 3 ਬੱਚੇ ਕਰੋ ਪੈਦਾ: ਜਥੇਦਾਰ ਗੜਗੱਜ

ਅੰਮ੍ਰਿਤਸਰ 11 ਫਰਵਰੀ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਪਾਵਨ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਗੁਰਤਾ ਗੱਦੀ ਦੇ 350 ਸਾਲ ਪੂਰੇ ਹੋਣ ’ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉਤੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜੋ ਕਿ 24 ਤੇ 11 ਫਰਵਰੀ ਨੂੰ ਇੱਕ ਵੱਡੇ ਪੰਡਾਲ ਵਿੱਚ ਹੋ ਰਹੇ ਹਨ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸ਼ਿਰਕਤ ਕੀਤੀ । ਇਸ ਦੌਰਾਨ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਦੀ ਲਗਾਤਾਰ ਘੱਟ ਰਹੀ ਅਬਾਦੀ ’ਤੇ ਗਹਿਰੀ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗਿਣਤੀ ਵਿੱਚ ਆ ਰਹੀ ਕਮੀ ਕੌਮ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ, ਜਿਸ ਵੱਲ ਹਰ ਸਿੱਖ ਨੂੰ ਸੰਵੇਦਨਸ਼ੀਲਤਾ ਨਾਲ ਧਿਆਨ ਦੇਣ ਦੀ ਲੋੜ ਹੈ। ਇਸ ਦੌਰਾਨ ਜਥੇਦਾਰ ਨੇ ਸਿੱਖ ਪਰਿਵਾਰਾਂ ਨੂੰ ਘੱਟੋ-ਘੱਟ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਦਾ ਹੁਕਮ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਦਾ ਵੀ ਜ਼ਿਕਰ ਕੀਤਾ ਸੀ ਕਿ ਸਿੱਧੂ ਮੂਸੇਵਾਲਾ ਨਾਲ ਵਾਪਰੀ ਘਟਨਾ ਤੋਂ ਬਾਅਦ ਉਨ੍ਹਾਂ ਦੇ ਮਾਪੇ ਇਕੱਲੇ ਰਹਿ ਗਏ ਸਨ ਅਤੇ ਉਨ੍ਹਾਂ ਦੇ ਕੋਈ ਹੋਰ ਬੱਚੇ ਨਹੀਂ ਸਨ, ਇਸ ਲਈ ਸਿੱਧੂ ਮੂਸੇਵਾਲਾ ਦਾ ਪਰਿਵਾਰ ਇੱਕ ਉਦਾਹਰਣ ਹੈ। ਇਸ ਤੋਂ ਇਲਾਵਾ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ 30 ਸਾਲ ਦੀ ਉਮਰ ਤੱਕ ਵਿਆਹ ਕਰਵਾ ਲਿਆ ਜਾਵੇ, ਤਾਂ ਜੋ ਪਰਿਵਾਰਕ ਜੀਵਨ ਸਥਿਰ ਰਹੇ ਅਤੇ ਆਉਣ ਵਾਲੀ ਪੀੜ੍ਹੀ ਨੂੰ ਗੁਰਮਤਿ ਸੰਸਕਾਰ ਮਿਲ ਸਕਣ। ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਸਮਾਜ ਨੂੰ ਅਜਿਹਾ ਬਣਾਇਆ ਜਾਵੇ ਕਿ ਹਰ ਪਾਸੇ ਸਿੱਖੀ ਦੀ ਛਾਪ ਨਜ਼ਰ ਆਵੇ। ਹਰ ਪਾਸੇ ਸਿੱਖ, ਸਿੱਖੀ ਤੇ ਦਸਤਾਰਾਂ ਦਿਖਾਈ ਦੇਣ।

## ਪੰਜਾਬ ’ਚ ਵੱਡੀ ਵਾਰਦਾਤ ! ਕੁਟੀਆ ਦੇ ਸੇਵਾਦਾਰ ਦਾ ਬੇਰਹਿਮੀ ਨਾਲ ਕਤਲ

ਬੁੱਲੋਂਵਾਲ/ਹਰਿਆਣਾ/ਹੁਸ਼ਿਆਰਪੁਰ 11 ਫਰਵਰੀ। ਥਾਣਾ ਹਰਿਆਣਾ ਪੁਲਸ ਵੱਲੋਂ ਇਕ ਬਜ਼ੁਰਗ ਵਿਅਕਤੀ ਦੇ ਕਤਲ ਹੋਣ ਦੇ ਸੰਬੰਧ ਵਿਚ ਅਨਪਛਾਤੇਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨ ਵਿਚ ਮ੍ਰਿਤਕ ਦੇ ਜਵਾਈ ਅਸ਼ਨੀ ਕੁਮਾਰ ਪੁੱਤਰ ਨਾਨਕ ਚੰਦ ਵਾਸੀ ਸ਼ਾਮ ਚੁਰਾਸੀ ਥਾਣਾ ਬੁੱਲੋਂਵਾਲ ਨੇ ਦੱਸਿਆ ਕਿ 2009 ਵਿਚ ਉਸ ਦਾ ਵਿਆਹ ਜੀਵਨ ਕੁਮਾਰ ਦੀ ਲੜਕੀ ਅਮਨਦੀਪ ਕੌਰ ਵਾਸੀ ਬਡਾਲਾ ਮਾਹੀ ਨਾਲ ਹੋਇਆ ਸੀ। ਮੇਰੀ ਪਤਨੀ ਦੀ ਇਕਲੌਤੀ ਔਲਾਦ ਹੈ ਅਤੇ ਮੇਰੀ ਸੱਸ ਦੀ ਮੌਤ ਮੇਰੇ ਵਿਆਹ ਤੋਂ ਕਾਫ਼ੀ ਸਮਾਂ ਪਹਿਲਾਂ ਹੋ ਚੁੱਕੀ ਹੈ। ਮੇਰੇ ਵਿਆਹ ਸਮੇਂ ਮੇਰਾ ਸਹੁਰਾ ਰੰਗ ਦਾ ਕੰਮ ਕਰਦਾ ਸੀ ਅਤੇ ਬਾਅਦ ਵਿੱਚ ਉਹ ਪਿੰਡ ਅਤਵਾਰਾਪੁਰ ਨੇੜੇ ਪਹਾੜਾਂ ਵੱਲ (ਸੰਤ ਬਾਬਾ ਗੁਰਬਚਨ ਦਸਜੀ ਦੀ ਕੁਟੀਆ) ਅਸਥਾਨ ’ਤੇ ਸੇਵਾ ਕਰਨ ਲੱਗਾ ਸੀ। ਇਥੇ ਕਰੀਬ 14-15 ਸਾਲ ਤੋਂ ਜੀਵਨ ਕੁਮਾਰ ਸੇਵਾਦਾਰ ਵਜੋਂ ਸੇਵਾ ਕਰ ਰਿਹਾ ਸੀ ਅਤੇ ਕੀਤੇ ਵੀ ਜਾਣ ਸਮੇਂ ਹਰਦੀਪ ਕੁਮਾਰ ਉਰਫ਼ ਦੀਪੀ ਨੂੰ ਦੱਸ ਕੇ ਜਾਂਦੇ ਸੀ ਅਤੇ ਉਹ ਹੀ ਉਨ੍ਹਾਂ ਨੂੰ ਰੋਜ਼ ਦੁੱਧ ਅਤੇ ਕਈ ਵਾਰ ਰੋਟੀ ਵੀ ਭਿਜਵਾਉਂਦਾ। ਮੈਨੂ ਫੋਨ ’ਤੇ ਸੂਚਨਾ ਮਿਲੀ ਕਿ ਮੇਰਾ ਸਹੁਰਾ ਜੀਵਨ ਕੁਮਾਰ ਕੁਟੀਆ ’ਤੇ ਨਹੀਂ ਹਨ ਤਾਂ ਮੈਂ ਦੀਪੀ ਨੂੰ ਕੁਟੀਆ ਨੇੜੇ ਸਹੁਰੇ ਦੀ ਭਾਲ ਕਰਨ ਲਈ ਕਿਹਾ ਪਰ ਜਦੋਂ ਜੰਗਲ ਵਿੱਚ ਆਲੇ-ਦੁਆਲੇ ਭਾਲ ਕਰਨ ’ਤੇ ਉਸ ਨੂੰ ਜੀਵਨ ਕੁਮਾਰ ਨਹੀਂ ਮਿਲੇ ਤਾਂ ਦੀਪੀ ਨੇ ਮੈਨੂੰ ਦੱਸਿਆ ਕਿ 12 ਜਨਵਰੀ ਨੂੰ ਸ਼ਾਮ 5 ਕੁ ਬਜੇ ਮਨਬੀਰ ਸਿੰਘ ਉਰਫ਼ ਮੰਨਾ ਪੁੱਤਰ ਅਮਰਨਾਥ ਵਾਸੀ ਰਾਏਪੁਰ ਨੇੜੇ ਸ਼ਾਮ ਚੁਰਾਸੀ ਜੋਕਿ ਪਹਿਲਾਂ ਵੀ ਕੁਟੀਆ ’ਤੇ ਆਉਂਦਾ-ਜਾਂਦਾ ਰਹਿੰਦਾ ਹੈ, ਨੂੰ ਕੁਟੀਆ ਤੋਂ ਜਾਂਦੇ ਵੇਖਿਆ ਸੀ। ਸਾਡੇ ਕਹਿਣ ’ਤੇ ਦੀਪੀ ਅਤੇ ਉਸ ਦੇ ਇਕ ਹੋਰ ਸਾਥੀ ਨਾਲ ਮਿਲ ਕੇ ਕੁਟੀਆ ਵਿਚ ਰਿਹਾਇਸ਼ੀ ਕਮਰੇ ਦਾ ਤਾਲਾ ਤੋੜ ਕੇ ਸਾਨੂੰ ਦੱਸਿਆ ਕਿ ਮੇਰੇ ਸੁਹਰੇ ਦੀ ਲਾਸ਼ ਖ਼ੂਨ ਨਾਲ ਲਥਪਥ ਜ਼ਮੀਨ ’ਤੇ ਪਈ ਹੈ। ਜਦੋਂ ਮੈਂ ਆਪਣੀ ਪਤਨੀ ਨੂੰ ਨਾਲ ਲੈ ਕੇ ਅਤਵਾਰਾਪੁਰ ਪੁੱਜਿਆ ਤਾਂ ਉਕਤ ਕਮਰੇ ਵਿਚ ਮੇਰੇ ਸੁਹਰੇ ਜੀਵਨ ਕੁਮਾਰ ਦੀ ਲਾਸ਼ ਪਈ ਸੀ ਅਤੇ ਉਨ੍ਹਾਂ ਦਾ ਮੋਬਾਇਲ ਵੀ ਗਾਇਬ ਸੀ। ਉਸ ਨੇ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਪੈਸਿਆਂ ਦੇ ਲਾਲਚ ਵਿਚ ਉਪਰੋਕਤ ਮਨਬੀਰ ਸਿੰਘ ਉਰਫ਼ ਮੰਨਾ ਵੱਲੋਂ ਮੇਰੇ ਸੁਹਰੇ ਦੇ ਸਿਰ ਵਿਚ ਸੱਟ ਮਾਰ ਕੇ ਕਤਲ ਕੀਤਾ ਗਿਆ ਹੈ। ਥਾਣਾ ਹਰਿਆਣਾ ਪੁਲਸ ਵੱਲੋਂ ਉਕਤ ਬਿਆਨ ਦੇ ਆਧਾਰ ’ਤੇ ਦੋਸ਼ੀ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ : ਡਾ. ਨਿਸ਼ਾਨ ਸਿੰਘ

**ਕੌਮੀ ਪਤ੍ਰਿਕਾ**

ਬੁਢਲਾਡਾ, 11 ਫਰਵਰੀ। ਨੇੜਲੇ ਪਿੰਡ ਅਹਿਮਦਪੁਰ ਵਿਖੇ ਬਾਬਾ ਕਿਸ਼ੋਰ ਦਾਸ ਜੀ ਦੀ ਯਾਦ ਵਿੱਚ ਬਾਬਾ ਕਿਸ਼ੋਰ ਦਾਸ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗ੍ਰਾਮ ਪੰਚਾਇਤ, ਪਿੰਡ ਵਾਸੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 33ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ’ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਬੁਢਲਾਡਾ ਦੇ ਇੰਚਾਰਜ ਡਾ. ਨਿਸ਼ਾਨ ਸਿੰਘ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਨਿਸ਼ਾਨ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਮਨਸਪੰਦ ਖੇਡ ਵੀ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਮਾਨਸਿਕ ਦੇ ਨਾਲ-ਨਾਲ ਸਰੀਰਕ ਪੱਖੋਂ ਵੀ ਤੰਦਰੁਸਤ ਰਹਿ ਕੇ ਆਪਣੇ ਮਾਤਾ-ਪਿਤਾ ਅਤੇ ਆਪਣੇ ਇਲਾਕੇ ਦਾ ਨਾਮ ਰੋਸ਼ਨ ਕਰਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਚੰਗੀਆਂ ਖੁਰਾਕਾਂ ਖਾਣ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਵੱਲੋਂ ਪਿੰਡ ਵਿੱਚ ਸੋਲਰ ਲਾਇਟਾਂ ਲਈ 1 ਲੱਖ ਰੁਪਏ ਦੀ ਗ੍ਰਾਂਟ ਦਾ ਅਤੇ ਗਊਸ਼ਾਲਾ ਵਿੱਚ ਬੋਰ ਲਗਾਉਣ ਲਈ ਹਰਸਿਮਰਤ ਕੌਰ ਬਾਦਲ ਦੇ ਕੋਟੇ ਵਿੱਚ ਦਿਵਾਉਣ ਦਾ ਵਾਅਦਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਖਿਡਾਰੀਆਂ ਨਾਲ ਵੀ ਜਾਣ-ਪਛਾਣ ਕੀਤੀ। ਇਸ ਮੌਕੇ ਡਾ. ਨਿਸ਼ਾਨ ਸਿੰਘ, ਠੇਕੇਦਾਰ ਗੁਰਪਾਲ ਸਿੰਘ, ਕਰਮਜੀਤ ਸਿੰਘ ਮਾਘੀ ਵੱਲੋਂ 21000/- ਰੁਪਏ ਅਤੇ ਬਲਵੀਰ ਸਿੰਘ ਬੀਰੋਕੇ, ਬਲਵਿੰਦਰ ਸਿੰਘ ਪਟਵਾਰੀ ਹਾਕਮਵਾਲਾ, ਜਥੇਦਾਰ ਨਿਰਮਲ ਸਿੰਘ ਪਿੱਪਲੀਆਂ, ਜਥੇਦਾਰ ਰਘੁਵੀਰ ਸਿੰਘ



ਬਲਵਿੰਦਰ ਪਟਵਾਰੀ ਵੱਲੋਂ 5100/- ਰੁਪਏ ਨਗਦ ਕਮੇਟੀ ਨੂੰ ਭੰਡਾਰੇ ਲਈ ਦਿੱਤੇ ਗਏ। ਇਸ ਦੌਰਾਨ ਬਾਬਾ ਕਿਸ਼ੋਰ ਦਾਸ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਗੱਗੀ ਅਤੇ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਜਥੇਦਾਰ ਭੋਲਾ, ਸਾਬਕਾ ਸਰਪੰਚ ਹੰਸ ਰਾਜ, ਦਰਸ਼ਨ ਮੰਡੇਰ, ਸਾਬਕਾ ਸਰਪੰਚ ਗੁਰਜੰਟ ਸਿੰਘ ਅਹਿਮਦਪੁਰ, ਕਰਮ ਸਿੰਘ, ਜੱਗਰ ਸਿੰਘ ਤੋਂ ਇਲਾਵਾ ਪਿੰਡ ਗ੍ਰਾਮ ਪੰਚਾਇਤ, ਬਾਬਾ ਕਿਸ਼ੋਰ ਦਾਸ ਪ੍ਰਬੰਧਕ ਕਮੇਟੀ ਦੇ ਆਗੂ ਅਤੇ ਹੋਰ ਵੀ ਮੌਜੂਦ ਸਨ।

# ਬਾਜਵਾ ਨੇ ਜਤਾਈ ਚਿੰਤਾ, ਕਿਹਾ-ਵਿਸ਼ਵ ਪੱਧਰੀ ਕਾਰਪੋਰੇਟ ਕੰਪਨੀਆਂ ਦੇ ਕੰਟਰੋਲ ਹੇਠ ਆ ਸਕਦੀ ਹੈ ਭਾਰਤੀ ਖੇਤੀ

**ਕੌਮੀ ਪਤ੍ਰਿਕਾ**

ਜਲੰਧਰ/ਚੰਡੀਗੜ੍ਹ 11 ਫਰਵਰੀ। ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਾਰਤੀ ਖੇਤੀਬਾੜੀ ਅਤੇ ਕਿਸਾਨਾਂ ਦੀ ਆਰਥਿਕ ਆਜ਼ਾਦੀ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਵਿਸ਼ਵ ਪੱਧਰ ’ਤੇ ਖੇਤੀ ਵਪਾਰ ਦੇ ਹੋ ਰਹੇ ਕੇਂਦਰੀਕਰਨ ਅਤੇ ਭਾਰਤ ਦੇ ਕਿਸਾਨਾਂ ’ਤੇ ਇਸ ਦੇ ਸੰਭਾਵੀ ਪ੍ਰਭਾਵਾਂ ਬਾਰੇ ਸੋਸ਼ਲ ਮੀਡੀਆ ਰਾਹੀਂ ਆਪਣੀ ਰਾਏ ਸਾਂਝੀ ਕੀਤੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਦੁਨੀਆ ਭਰ ਵਿੱਚ ਅਨਾਜ ਦੇ ਵਪਾਰ ਦਾ ਲਗਭਗ 90 ਫ਼ੀਸਦੀ ਹਿੱਸਾ ਸਿਰਫ਼ ਚਾਰ ਵੱਡੀਆਂ ਕੰਪਨੀਆਂ (ਏ. ਦੇ ਹੱਥਾਂ ਵਿੱਚ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਭਾਰਤ ਆਪਣੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੇ ਬਿਨਾਂ ਵਪਾਰਕ ਸਮਝੌਤੇ ਕਰਦਾ ਹੈ ਤਾਂ ਸਾਡੇ ਕਿਸਾਨ ਆਪਣੀ ਜ਼ਮੀਨ ਦੇ ਮਾਲਕ ਹੋਣ ਦੇ ਬਾਵਜੂਦ ਇਨ੍ਹਾਂ ਵਿਸ਼ਵ ਪੱਧਰੀ ਕੰਪਨੀਆਂ ਲਈ ਮਹਿਜ਼ ‘ਕੰਟਰੈਕਟ ਗ੍ਰੋਅਰਜ਼’ ਬਣ ਕੇ ਰਹਿ ਜਾਣਗੇ। ਉਥੇ ਹੀ ਪ੍ਰਤਾਪ ਬਾਜਵਾ ਨੇ ਖ਼ਦਸ਼ਾ ਜਤਾਇਆ ਹੈ ਕਿ ਜੇਕਰ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਨਾ ਕੀਤੇ ਗਏ ਤਾਂ ਕਿਸਾਨ ਕਾਰਪੋਰੇਟ ਬੀਜਾਂ ਅਤੇ ਰਸਾਇਣਾਂ ’ਤੇ ਨਿਰਭਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਕੰਟਰੈਕਟ ਫਾਰਮਿੰਗ ਰਾਹੀਂ ਕੀਮਤਾਂ ਤੈਅ ਕਰਨ ਦਾ ਅਧਿਕਾਰ ਕੰਪਨੀਆਂ ਕੋਲ ਚਲਾ ਜਾਵੇਗਾ ਅਤੇ ਸਟੋਰੇਜ ਤੇ ਲੌਜਿਸਟਿਕਸ ’ਤੇ ਵੀ ਕਾਰਪੋਰੇਟ ਕੰਟਰੋਲ ਹੋ ਜਾਵੇਗਾ, ਜਿਸ ਨਾਲ ਕਿਸਾਨ ਮਾਲਕਾਂ ਤੋਂ ‘ਅਰਧ-ਹਿੱਸੇਦਾਰ’ ਬਣ ਜਾਣਗੇ। ਖ਼ਾਸ ਕਰਕੇ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤੇ (6“1) ਦੇ ਸੰਦਰਭ ’ਚ ਉਨ੍ਹਾਂ ਕਿਹਾ ਕਿ ਅਮਰੀਕੀ ਸਬਸਿਡੀਆਂ ਅਤੇ ਪੇਟੈਂਟ ਨਿਯਮਾਂ ਕਾਰਨ ਭਾਰਤੀ



ਛੋਟੇ ਕਿਸਾਨਾਂ ਦੀ ਕੀਮਤ ਨਿਰਧਾਰਤ ਕਰਨ ਦੀ ਸ਼ਕਤੀ ਖ਼ਤਮ ਹੋ ਸਕਦੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਇਕ ਵੱਡਾ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਰਤ ਲਈ ਮੱਧ ਏਸ਼ੀਆ ਅਤੇ ਯੂਰਪ ਦਾ ਪ੍ਰਵੇਸ਼ ਦੁਆਰ ਬਣ ਸਕਦਾ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਭਾਰਤ ਸਰਹੱਦੀ ਤਣਾਅ ਦੇ ਬਾਵਜੂਦ ਚੀਨ ਨਾਲ ਵਪਾਰ ਕਰ ਸਕਦਾ ਹੈ ਤਾਂ ਵਾਹਗਾ ਸਰਹੱਦ ਰਾਹੀਂ ਸੁਰੱਖਿਅਤ ਅਤੇ ਨਿਯੰਤਰਿਤ ਵਪਾਰ ਕਿਉਂ ਨਹੀਂ ਸ਼ੁਰੂ ਕੀਤਾ ਜਾ ਸਕਦਾ?। ਬਾਜਵਾ ਮੁਤਾਬਕ ਵਾਹਗਾ ਰਾਹੀਂ ਵਪਾਰ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਮਜ਼ਬੂਤ ਹੋਵੇਗੀ। ਕਿਸਾਨਾਂ ਅਤੇ ਲਈ ਨਵੇਂ ਬਰਾਮਦ ਬਾਜ਼ਾਰ ਖੁੱਲ੍ਹਣਗੇ। ਲੌਜਿਸਟਿਕਸ ਦੀ ਲਾਗਤ ਵਿੱਚ ਕਮੀ ਆਵੇਗੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇਕਰ ਭਾਰਤ ‘ਵਿਸ਼ਵ ਗੁਰੂ’ ਬਣਨ ਦੀ ਇੱਛਾ ਰੱਖਦਾ ਹੈ ਤਾਂ ਉਸ ਨੂੰ ਆਰਥਿਕ ਕੂਟਨੀਤੀ ਦੀ ਵਰਤੋਂ ਦਲੇਰੀ ਨਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸਰਕਾਰ ਨੂੰ ਪੰਜਾਬ ਵਿੱਚ ਕਿਸਾਨ-ਉਤਪਾਦਕ ਨਿਰਯਾਤ ਜ਼ੋਨ, ਐਗਰੋ-ਪ੍ਰੋਸੈਸਿੰਗ ਹੱਬ ਅਤੇ ਸਟੋਰੇਜ ਸੈਂਟਰ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਅੰਤ ’ਚ ਕਿਹਾ ਕਿ ਰਾਜਨੀਤਿਕ ਲੀਡਰਸ਼ਿਪ ਦੀ ਜ਼ਿੰਮੇਵਾਰੀ ਹੈ ਕਿ ਉਹ ਗੁੰਝਲਦਾਰ ਚੁਣੌਤੀਆਂ ਨੂੰ ਹੱਲ ਕਰੇ ਅਤੇ ਇਹ ਯਕੀਨੀ ਬਣਾਵੇ ਕਿ ਆਰਥਿਕ ਵਿਕਾਸ ਦਾ ਲਾਭ ਆਮ ਲੋਕਾਂ ਤੱਕ ਪਹੁੰਚੇ, ਨਾ ਕਿ ਸਿਰਫ਼ ਗਲੋਬਲ ਕੰਪਨੀਆਂ ਨੂੰ।

## ਹਿਮਾਚਲ ਨੰਬਰ ਵਾਲੇ ਟਰੱਕ ’ਚੋਂ ਅੰਗਰੇਜ਼ੀ ਸ਼ਰਾਬ ਦੀਆਂ ਪੇਟੀਆਂ ਬਰਾਮਦ, ਫਰਾਰ ਹੋਏ ਡਰਾਈਵਰ ਤੇ ਕੰਡਕਟਰ

ਅੰਮ੍ਰਿਤਸਰ 11 ਫਰਵਰੀ। ਜ਼ਿਲ੍ਹਾ ਆਬਕਾਰੀ ਵਿਭਾਗ ਵੱਲੋਂ ਅੰਮ੍ਰਿਤਸਰ-1 ਅਧੀਨ ਆਉਂਦੇ ਇਲਾਕੇ ’ਚ ਗੈਰ-ਕਾਨੂੰਨੀ ਸ਼ਰਾਬ ਖ਼?ਲਾਫ਼ ਕੀਤੀ ਗਈ ਸਖ਼ਤ ਕਾਰਵਾਈ ਦੌਰਾਨ ਹਿਮਾਚਲ ਪ੍ਰਦੇਸ਼ ਨੰਬਰ ਵਾਲੇ ਇਕ ਟਰੱਕ ਵਿੱਚੋਂ 20 ਪੇਟੀਆਂ ਅੰਗਰੇਜ਼ੀ ਸ਼ਰਾਬ ਬਰਾਮਦ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਇਕ ਟਰੱਕ ਰਾਹੀਂ ਗੈਰ-ਕਾਨੂੰਨੀ ਅੰਗਰੇਜ਼ੀ ਸ਼ਰਾਬ ਲਿਆਂਦੀ ਜਾ ਰਹੀ ਹੈ। ਜ਼ਿਲ੍ਹਾ ਆਬਕਾਰੀ ਅਫ਼ਸਰ ਲਲਿਤ ਕੁਮਾਰ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਸੂਚਨਾ ਮਿਲੀ ਸੀ ਕਿ ਕੁਝ ਲੋਕ ਰਾਤ ਦੇ ਹਨੇਰੇ ਵਿਚ ਸਮੱਗਲਿੰਗ ਰਾਹੀਂ ਅੰਗਰੇਜ਼ੀ ਸ਼ਰਾਬ ਇੱਥੇ ਲਿਆਉਂਦੇ ਹਨ ਅਤੇ ਘਰ-ਘਰ ਜਾ ਕੇ ਇਸ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੇਚਦੇ ਹਨ। ਇਸ ਤਰ੍ਹਾਂ ਦੀ ਸਮੱਗਲਿੰਗ ਕਾਰਨ ਸ਼ਰਾਬ ਦੀਆਂ ਬੋਤਲਾਂ ਠੇਕਿਆਂ ਨਾਲੋਂ ਅੱਧੇ ਰੇਟ ’ਤੇ ਵਿਕਦੀਆਂ ਹਨ, ਜਿਸ ਨਾਲ ਸਰਕਾਰੀ ਮਾਲੀਏ ਅਤੇ ਠੇਕਿਆਂ ਦੇ ਕਾਰੋਬਾਰ ਨੂੰ ਨੁਕਸਾਨ ਪਹੁੰਚਦਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਹਾਇਕ ਕਮਿਸ਼ਨਰ ਦਿਲਬਾਗ ਸਿੰਘ ਚੀਮਾ ਨੇ ਐਡੀਸ਼ਨਲ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ (ਏ. ਈ. ਟੀ. ਓ.) ਧਰਵਿੰਦਰ ਸ਼ਰਮਾ ਨੂੰ ਕਾਰਵਾਈ ਲਈ ਭੇਜਿਆ। ਕਾਰਵਾਈ ਦੌਰਾਨ ਆਬਕਾਰੀ ਵਿਭਾਗ ਅਤੇ ਐਕਸਾਈਜ਼ ਪੁਲਸ ਨੇ ਰਾਤ ਸਮੇਂ ਮਕਬੂਲਪੁਰਾ ਅਧੀਨ ਆਉਂਦੇ ਇਲਾਕੇ ਫੋਕਲ ਪੁਆਇੰਟ ਵਿੱਚ ਇਕ ਹਿਮਾਚਲ ਪ੍ਰਦੇਸ਼ ਨੰਬਰ ਵਾਲਾ ਟਰੱਕ ਖੜ੍ਹਾ ਦੇਖਿਆ, ਜਿਸ ਵਿੱਚ ਨਾ ਤਾਂ ਡਰਾਈਵਰ ਮੌਜੂਦ ਸੀ ਅਤੇ ਨਾ ਹੀ ਕੰਡਕਟਰ। ਸ਼ੱਕ ਹੋਣ ’ਤੇ ਜਦੋਂ ਟਰੱਕ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 20 ਪੇਟੀਆਂ ਅੰਗਰੇਜ਼ੀ ਸ਼ਰਾਬ ਬਰਾਮਦ ਹੋਈ, ਜਿਨ੍ਹਾਂ ’ਤੇ



ਕੋਈ ਹੋਲੋਗ੍ਰਾਮ ਨਹੀਂ ਸੀ। ਸ਼ਰਾਬ ਦੀਆਂ ਬੋਤਲਾਂ ’ਤੇ ‘ਮੇਡ ਇਨ ਖਾਸਾ ਡਿਸਟਿਲਰੀ’ ਲਿਖਿਆ ਹੋਇਆ ਹੈ। ਇਸ ਸਬੰਧੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ, ਜਦਕਿ ਟਰੱਕ ਦਾ ਡਰਾਈਵਰ ਅਤੇ ਕੰਡਕਟਰ ਫਿਲਹਾਲ ਫ਼ਰਾਰ ਹਨ। ਆਬਕਾਰੀ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਵਿਭਾਗੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰਾ ਸੱਚ ਸਾਹਮਣੇ ਆ ਜਾਵੇਗਾ।

## ਪਿੰਡ ਬੁਰਜ ਹਰੀ ਸਿੰਘ ’ਚ ਦਰੱਖ਼ਤਾਂ ਦੀ ਕੱਟਾਈ ਨੂੰ ਲੈ ਕੇ ਵਿਵਾਦ, ਪੰਚਾਇਤ ਵਿਭਾਗ ਤੇ ਪੁਲਸ ਨੇ ਸੰਭਾਲਿਆ ਮੋਰਚਾ

**ਏਜੰਸੀਆਂ**

ਹਲਵਾਰਾ, 11 ਫਰਵਰੀ। ਪਿੰਡ ਰਾਜੋਆਣਾ ਕਲਾਂ ਤੇ ਬੁਰਜ ਹਰੀ ਸਿੰਘ ਸੰਪਰਕ ਸੜਕ ਤੇ ਸਰਕਾਰੀ ਜਾਇਦਾਦ ਅਤੇ ਵਾਤਾਵਰਣ ਨਾਲ ਜੁੜੇ ਮਾਮਲੇ ਨੇ ਉਸ ਵੇਲੇ ਤੂਲ ਫੜ ਲਿਆ, ਜਦੋਂ ਪਿੰਡ ਬੁਰਜ ਹਰੀ ਸਿੰਘ ਦੀ ਸੰਪਰਕ ਸੜਕ ਦੇ ਕਿਨਾਰੇ ਖੜ੍ਹੀਆਂ ਕਈ ਟਾਹਲੀਆਂ ਦੀ ਕੱਟਾਈ ਅਤੇ ਵਿਕਰੀ ਦੇ ਦੋਸ਼ ਸਾਹਮਣੇ ਆਏ। ਇਹ ਮਾਮਲਾ ਸਾਹਮਣੇ ਆਉਂਦੇ ਹੀ ਪੰਚਾਇਤ ਵਿਭਾਗ ਤੇ ਪੁਲਸ ਪ੍ਰਸ਼ਾਸਨ ਨੇ ਤੁਰੰਤ ਹਰਕਤ ਵਿੱਚ ਆ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪੰਚਾਇਤ ਅਧਿਕਾਰੀਆਂ ਨੂੰ ਸੂਚਨਾ ਮਿਲੀ ਸੀ ਕਿ ਸੜਕ ਦੇ ਨਾਲ ਲੱਗਦੀਆਂ ਕੁਝ ਟਾਹਲੀਆਂ ਬਿਨਾਂ ਕਿਸੇ ਮਨਜ਼ੂਰੀ ਦੇ ਕੱਟੀਆਂ ਜਾ ਰਹੀਆਂ ਹਨ। ਇਸ ‘ਤੇ ਬੀਡੀਪੀਓ ਦਫ਼ਤਰ ਰਾਏਕੋਟ ਦੇ ਪੰਚਾਇਤ ਅਫ਼ਸਰ ਜਗਜੀਤ ਸਿੰਘ ਨੇ ਮੌਕੇ ‘ਤੇ ਪਹੁੰਚ ਕੇ ਕੰਮ ਰੁਕਵਾਇਆ। ਪਰ ਉਸ ਸਮੇਂ ਤੱਕ ਕੁਝ ਦਰੱਖ਼ਤਾਂ ਨੂੰ ਨੁਕਸਾਨ ਪਹੁੰਚਾਇਆ ਜਾ ਚੁੱਕਾ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਇਹ ਟਾਹਲੀਆਂ ਪਹਿਲਾਂ ਮਗਨਰੇਗਾ ਸਕੀਮ ਤਹਿਤ ਲਗਾਈਆਂ ਗਈਆਂ ਸਨ, ਜਿਨ੍ਹਾਂ ਦਾ ਉਦੇਸ਼ ਪਿੰਡ ਦੇ ਵਾਤਾਵਰਣ ਨੂੰ ਸੁਧਾਰਨਾ ਅਤੇ ਸਰਕਾਰੀ ਜਾਇਦਾਦ ਨੂੰ ਹਰਾ-ਭਰਾ ਬਣਾਉਣਾ ਸੀ। ਪਿੰਡ ਵਾਸੀਆਂ ਨੇ ਦਾਅਵਾ ਕੀਤਾ ਕਿ ਦਰੱਖ਼ਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਰਸਾਇਣਿਕ ਪਦਾਰਥ ਵੀ ਵਰਤੇ ਗਏ, ਤਾਂ ਜੋ ਉਹ ਜਲਦੀ ਸੁੱਕ ਜਾਣ। ਮਾਮਲੇ ਦੀ ਸੂਚਨਾ ਮਿਲਣ ‘ਤੇ ਥਾਣਾ ਸਦਰ ਰਾਏਕੋਟ ਦੀ ਪੁਲਸ ਟੀਮ ਵੀ ਮੌਕੇ ‘ਤੇ ਪਹੁੰਚੀ ਅਤੇ ਹਾਲਾਤਾਂ ਦਾ ਜਾਇਜ਼ਾ ਲਿਆ। ਥਾਣਾ ਮੁਖੀ ਕੁਲਵਿੰਦਰ ਸਿੰਘ ਨੇ ਕਿਹਾ ਕਿ ਜਿਵੇਂ ਹੀ ਪੰਚਾਇਤ ਵਿਭਾਗ ਵੱਲੋਂ ਲਿਖਤੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਮਾਮਲੇ ਵਿੱਚ ਨਾਮਜ਼ਦ ਸਾਬਕਾ ਸਰਪੰਚ ਨੇ ਟਾਹਲੀਆਂ ਨੂੰ ਆਪਣੀ ਨਿੱਜੀ ਜਾਇਦਾਦ ਦੱਸਦੇ ਹੋਏ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਸਦਾ ਕਹਿਣਾ ਹੈ ਕਿ ਇਹ ਦਰੱਖ਼ਤ ਉਸਦੇ ਖੇਤ ਦੀ ਹੱਦ ਵਿੱਚ ਆਉਂਦੇ ਹਨ ਅਤੇ ਉਨ੍ਹਾਂ ‘ਤੇ ਉਸਦਾ ਹੱਕ ਬਣਦਾ ਹੈ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਚਰਚਾ ਦਾ ਮਾਹੌਲ ਬਣਿਆ ਹੋਇਆ ਹੈ ਤੇ ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਸੱਚ ਸਾਹਮਣੇ ਲਿਆਂਦਾ ਜਾਵੇ।

# ਚੰਡੀਗੜ੍ਹ ਏਅਰਪੋਰਟ ਤੋਂ ਲੰਡਨ, ਸਿੰਗਾਪੁਰ ਤੇ ਵੈਨਕੂਵਰ ਲਈ ਸ਼ੁਰੂ ਹੋਣ ਫਲਾਈਟਾਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਫਰਵਰੀ। ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਮੰਗਲਵਾਰ ਨੂੰ ਰਾਜ ਸਭ ’ਚ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ (ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ) ’ਤੇ ਉਡਾਣਾਂ ਦੀ ਗਿਣਤੀ ਨੂੰ ਵਧਾਉਣ ਦਾ ਮੁੱਦਾ ਚੁੱਕਿਆ। ਐੱਮ. ਪੀ. ਸੰਧੂ ਨੇ ਚੰਡੀਗੜ੍ਹ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਲੰਡਨ, ਸਿੰਗਾਪੁਰ ਅਤੇ ਵੈਨਕੂਵਰ ਲਈ ਫ਼ਲਾਈਟਾਂ ਸ਼ੁਰੂ ਕਰਨ ਦੀ ਮੰਗ ਕੀਤੀ। ਸੰਸਦ ਦੇ ਬਜਟ ਸੈਸ਼ਨ ਦੇ ਸਿਫ਼ਰ ਕਾਲ ਦੌਰਾਨ ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਦੀ ਗਿਣਤੀ ਵਧਾਉਣ ਦੀ ਮੰਗ ਕਰਦਿਆਂ ਐੱਮ. ਪੀ. ਸੰਧੂ ਨੇ ਕਿਹਾ ਕਿ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ’ਪੁਆਇੰਟ ਆਫ਼ ਕਾਲ’ ਸੂਚੀ ’ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਦੱਸ ਦਈਏ ਕਿ ’ਪੁਆਇੰਟ ਆਫ਼ ਕਾਲ’ ਦੇ ਤਹਿਤ ਦੋ ਮੁਲਕਾਂ ਵਿਚਾਲੇ ਸਮਝੌਤਾ ਹੁੰਦਾ ਹੈ, ਜਿਸ ਤੋਂ ਬਾਅਦ ਹੀ ਕੌਮਾਂਤਰੀ ਏਅਰਲਾਈਨ ਕੰਪਨੀਆਂ ਨੂੰ ਕਿਸੇ ਖ਼ਾਸ ਹਵਾਈ ਅੱਡੇ ਤੋਂ ਦੁਨੀਆ ਭਰ ’ਚ ਉਡਾਣ ਭਰਨ ਲਈ ਇਜਾਜ਼ਤ ਮਿਲਦੀ ਹੈ। ਇਸ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਦੋਵੇਂ ਕੌਮਾਂਤਰੀ ਹਵਾਈ ਅੱਡਿਆਂ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੀ ਕਾਰਗੋ ਸਮਰੱਥਾ (ਸਮਾਨ ਦੀ ਢੋਆ-ਢੁਆਈ) ਨੂੰ ਵਧਾਉਣ ਦੀ ਵੀ ਮੰਗ ਕੀਤੀ, ਤਾਂ ਜੋ ਪੰਜਾਬ ਵਿੱਚੋਂ ਨਿਰਯਾਤ ਨੂੰ ਵਧਾਇਆ ਜਾ ਸਕੇ। ਮੌਜੂਦਾ ਸਮੇਂ ’ਚ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਆਬੂ ਧਾਬੀ ਅਤੇ ਦੁਬਈ ਲਈ ਸਿਰਫ਼ ਦੋ ਕੌਮਾਂਤਰੀ ਫ਼ਲਾਈਟਾਂ ਚੱਲ ਰਹੀਆਂ ਹਨ, ਜਿਨ੍ਹਾਂ ਨੂੰ ਘਰੇਲੂ ਕੈਰੀਅਰ ਇੰਡੀਗੋ ਏਅਰਲਾਈਨ ਕੰਪਨੀ ਸੰਚਾਲਿਤ ਕਰ ਰਹੀ ਹੈ। ਸਤਨਾਮ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਪੰਜਾਬ ਹੀ ਨਹੀਂ, ਸਗੋਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਲਈ ਵੀ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਤਿੰਨੇ ਸੂਬਿਆਂ ਦੀ ਕੁੱਲ ਆਬਾਦੀ 7 ਕਰੋੜ ਹੈ, ਇੱਥੋਂ ਦੇ ਲੋਕਾਂ ਲਈ ਚੰਡੀਗੜ੍ਹ ਦਾ ਕੌਮਾਂਤਰੀ ਹਵਾਈ ਅੱਡਾ ਸਭ ਤੋਂ ਨੇੜੇ ਮੰਨਿਆ ਜਾਂਦਾ ਹੈ। ਸ਼ਹੀਦ ਭਗਤ ਸਿੰਘ ਚੰਡੀਗੜ੍ਹ ਹਵਾਈ ਅੱਡੇ ਤੋਂ ਸਲਾਨਾ 40 ਲੱਖ ਮੁਸਾਫ਼ਰ ਸਫ਼ਰ ਕਰ ਰਹੇ ਹਨ ਅਤੇ ਇਹ ਹਵਾਈ ਅੱਡਾ 20 ਲੱਖ ਹੋਰ ਨਵੀਆਂ ਸਵਾਰੀਆਂ ਦੀ ਸਮਰੱਥਾ ਰੱਖਦਾ ਹੈ। ਅੱਜ ਦੇ ਸਮੇਂ ’ਚ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ ਤੋਂ ਦੁਬਈ ਅਤੇ ਆਬੂ ਧਾਬੀ ਲਈ ਸਿੱਧੀਆਂ ਉਡਾਣਾਂ ਚੱਲ ਰਹੀਆਂ ਹਨ। ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਅੱਜ ਪੰਜਾਬ ਕੋਲ ਦੋ ਕੌਮਾਂਤਰੀ ਹਵਾਈ ਅੱਡੇ ਚੰਡੀਗੜ੍ਹ ਅਤੇ ਅੰਮ੍ਰਿਤਸਰ ’ਚ ਹਨ ਅਤੇ ਚਾਰ ਘਰੇਲੂ ਹਵਾਈ ਅੱਡੇ ਆਦਮਪੁਰ, ਹਲਵਾਰਾ, ਬਠਿੰਡਾ ਅਤੇ ਪਠਾਨਕੋਟ ’ਚ ਹਨ। ਪੰਜਾਬ ਨੂੰ ਕੇਂਦਰ ਸਰਕਾਰ ਤੋਂ ਬਹੁਤ ਕੁੱਝ ਮਿਲਿਆ ਹੈ ਪਰ ਹਮੇਸ਼ਾ ਪੰਜਾਬੀਆਂ ਦਾ ’ਦਿਲ ਮਾਂਗੇ ਮੋਰ’ ਹੀ ਹੁੰਦਾ ਹੈ। ਇਸ ਕਰਕੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ ਅਤੇ ਕੌਮਾਂਤਰੀ ਹਵਾਈ ਅੱਡੇ ਤੋਂ ਲੰਡਨ, ਸਿੰਗਾਪੁਰ ਅਤੇ ਵੈਨਕੂਵਰ ਲਈ ਫ਼ਲਾਈਟਾਂ ਸ਼ੁਰੂ ਕੀਤੀਆ ਜਾਣੀਆਂ ਚਾਹੀਦੀਆਂ ਹਨ।

